ਮਾਸਕ ਪੱਤਰ

ੴ

# ਸੂਰਾ

ਅੰਮ੍ਰਿਤਸਰ

## ਤਖ਼ਤ ਸ੍ਰੀ ਕੇਸਗੜ੍ਹ, ਅਨੰਦਪੁਰ ਸਾਹਿਬ

MAR. 1979

ਮਾਰਚ ੧੯੭੯



ਜਿਥੇ ਬੇਇੰਤਹਾ ਸੰਗਤਾਂ ਜੁੜਦੀਆਂ ਤੇ ਹੋਲਾ ਮਨਾਂਦੀਆਂ ਹਨ ।

www.AKJ.Org

ਡੀ. ਪੀ. ਆਈ ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ (੧੭-੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ ।

# ਤਤਕਰਾ

| | | |
|---|---|---|
| ਨਾਮੁ ਰਤਨੁ ਲੈ ਗੁਝਾ ਰਖਿਆ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ | ੩ |
| ਤਿਰੰਗੀ ਸਿੱਖੀ | ਸ: ਵਿਧਾਤਾ ਸਿੰਘ ਜੀ ਤੀਰ | ੬ |
| ਗੁਰਬਾਣੀ ਪਾਠ - ਵੀਚਾਰ — ਪ੍ਰੇਰਨਾ ਪੱਤਰ | ਗਿ: ਹਰਬੰਸ ਸਿੰਘ ਜੀ, ਚੰਡੀਗੜ੍ਹ | ੭ |
| ਗ੍ਰਿਥੀ ਸਿੰਘਾਂ ਦੇ ਫ਼ਰਜ਼ | ਗਿ: ਜੰਗ ਸਿੰਘ ਜੀ, ਰੀਸਰਚ ਵਿਭਾਗ | ੧੪ |
| ਮਾਤਾ ਸੁਲੱਖਣੀ ਜੀ ਦੀ ਗੁਰੂ ਘਰ ਵਿਚ ਮਹੱਤਤਾ | ਸੁਕੈਡਰਨ ਲੀਡਰ ਭਾਈ ਰਾਮ ਸਿੰਘ ਜੀ | ੨੦ |
| ਸਾਡੀ ਪ੍ਰਦੇਸ ਯਾਤਰਾ | ਭਾਈ ਸਾਹਿਬ ਮੇਹਰ ਸਿੰਘ ਜੀ ਦਿਲੀ | ੨੫ |
| ਅਬਦਾਲੀ, ਸਿਖ ਤੇ ਵਡਾ ਘਲੂਘਾਰਾ (੯) | ਕੈਪਟਨ ਸਵਰਨ ਸਿੰਘ ਜੀ | ੩੧ |
| ਵਲੈਤ ਵਿਚ ਲਿਖੀ ਗਈ ਇਕ ਸੁੰਦਰ ਹੱਥ-ਲਿਖਤ ਬੀੜ | ਪ੍ਰੋ: ਪ੍ਰਕਾਸ਼ ਸਿੰਘ ਜੀ | ੩੯ |
| ਗੁਰਦੁਆਰਾ ਚੋਣਾਂ ਅਤੇ ਅਖੰਡ ਕੀਰਤਨੀ ਜਥਾ | ਜਥੇਦਾਰ | ੪੩ |

| | | | |
|---|---|---|---|
| ਗੁਰੂ ਹਰਿ ਰਾਏ ਜੀ ਗੁਰਿਆਈ | ੨੬ ਮਾਰਚ | ਗੁਰੂ ਅਮਰਦਾਸ ਜੀ ਗੁਰਿਆਈ | ੨੮ ਮਾਰਚ |
| ਗੁਰੂ ਅੰਗਦ ਦੇਵ ਜੀ ਜੋਤੀ ਜੋਤਿ | ੩੧ ਮਾਰਚ | ਹੋਲਾ ਮਹੱਲਾ | ੧੪ ਮਾਰਚ |

# ਚਲਦਾ ਵਹੀਰ ਮੰਨਣ ਵਲੋਂ ਗੁਰਮਤਿ ਪ੍ਰਚਾਰ ਤੇ ਅੰਮ੍ਰਿਤ ਸਿੰਚਾਰ

ਅਖੰਡ ਕੀਰਤਨੀ ਜਥਾ (ਚਲਦਾ ਵਹੀਰ) ਮੰਨਣ ਅਤੇ ਦਿਆਲਪੁਰ ਵਲੋਂ ਰੋਜ਼ਾਨਾ ਸ਼ਾਮ ਨੂੰ ੭ ਤੋਂ ੧੦ ਤਕ ਹੇਠ ਲਿਖੇ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ ਹੋ ਰਹੇ ਹਨ । ਪਿੰਡਾਂ ਨੂੰ ਰੋਜ਼ ਮੰਨਣ ਤੇ ਦਿਆਲਪੁਰ ਤੋਂ ਗਡੀ ਜਾਏਗੀ ।

***ਮਾਰਚ***—੧ ਖਸਣਾ, ੨ ਮਾਨਾ ਤਲਵੰਡੀ, ੩ ਧੀਰਪੁਰ (ਮਾ: ਬਲਦੇਵ ਸਿੰਘ ਦੇ ਗ੍ਰਹਿ ਕੀਰਤਨ ਤੇ ਅੰਮ੍ਰਿਤ ਸਿੰਚਾਰ), ੪ ਸਦਾਨਾ, ੫ ਚਾਲੇ ਅਨੰਦਪੁਰ ਸਾਹਿਬ ਨੂੰ, ੧੪ ਤਕ ਅਨੰਦਪੁਰ ਸਾਹਿਬ, ੧੫ ਪਿੰਡ ਬਿਆਸ, ੧੬ ਦੌਲਤਪੁਰ, ੧੭ ਰਸੂਲਪੁਰ, ੧੮ ਰਹੀਮਪੁਰ, ੧੯ ਕਾਲਾ, ੨੦ ਬਿਧੀਪੁਰ, ੨੧ ਈਸਪੁਰ, ੨੨ ਦੁੱਗਰੀ, ੨੩ ਗਦਾਈਪੁਰ, ੨੫ ਸਲੇਮਪੁਰ, ੨੬ ਨੂਰਪੁਰ, ੨੭ ਕਿਸ਼ਨਗੜ੍ਹ, ੨੮ ਰਾਏਪੁਰ, ***੨੯ ਤੋਂ ੩੧ ਮੰਨਣ ਸ੍ਰੀ ਅਖੰਡ ਪਾਠ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ,*** ੧ ਅਪ੍ਰੈਲ ਸਵੇਰੇ ਸਮਾਪਤੀ । ੩੧ ਮਾਰਚ ਸ਼ਾਮ ਨੂੰ ਜਲੰਧਰ, ਕਰਤਾਰਪੁਰ, ਆਦਮਪੁਰ ਤੇ ਭੋਗਪੁਰ ਅਡਿਆਂ ਤੋਂ ਉਚੇਚੀਆਂ ਗਡੀਆਂ ਮੰਨਣ ਨੂੰ ਆਉਣਗੀਆਂ ।

ਪੁਛ ਗਿਛ—੧. ਭਾਈ ਪੂਰਨ ਸਿੰਘ V.P.O. ਬਲ (ਜਲੰਧਰ) । ੨. ਮਾ: ਗੁਰਬਚਨ ਸਿੰਘ V.P.O. ਦਿਆਲਪੁਰ । ੩. ਭਾਈ ਕੁਲਵੰਤ ਸਿੰਘ ਕਾਕੀ ਪਿੰਡ ।

ਸੰਗਤਾਂ ਦੇ ਦਾਸਰੇ—

ਅਖੰਡ ਕੀਰਤਨੀ ਜਥਾ (ਚਲਦਾ ਵਹੀਰ), ਗੁ: ਮੀਰੀ ਪੀਰੀ, ਪਿੰਡ ਮੰਨਣ, ਡਾ: ਅਲਾਵਰਪੁਰ (ਜਲੰਧਰ)

ਹੇਮਕੁੰਟ ਪ੍ਰਿੰਟਿੰਗ ਪ੍ਰੈਸ, ਬਜ਼ਾਰ ਨੰ: ੬,ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧. ੩. ੭੯ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥





| | |
|---|---|
| ਸਾਲਾਨਾ ਚੰਦਾ | ੧੦-੦੦ |
| ਇਕ ਪਰਚਾ | ੧-੦੦ |
| **ਪਰਦੇਸ** | |
| ਸਮੁੰਦਰੀ ਡਾਕ | ੧੮-੫੦ |
| **ਹਵਾਈ ਡਾਕ** | |
| ਅਰਬ, ਮਲਾਇਆ | ੩੫-੦੦ |
| ਯੂ. ਕੇ , ਅਫਰੀਕਾ | ੫੦-੦੦ |
| ਕੈਨੇਡਾ, ਅਮਰੀਕਾ | ੫੫-੦੦ |

**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰੋ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ

**ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ**

ਜਿਲਦ ੧੩ ਮਾਰਚ ੧੯੭੯ ਅੰਕ ੩


# ਨਾਮੁ ਰਤਨੁ ਲੈ ਗੁਝਾ ਰਖਿਆ

[ ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਸਤਿਗੁਰਾਂ ਨੇ ਸਮੱਗਰ ਗੁਰਬਾਣੀ ਅੰਦਰ ਗੁਰਮਤਿ ਨਾਮ ਨੂੰ ਸਪੱਸ਼ਟ ਰੂਪ ਵਿਚ ਕਿਤੇ ਪ੍ਰਗਟਾਇਆ ਨਹੀਂ, ਸਗੋਂ ਗੁੱਝਾ ਹੀ ਰਖਿਆ ਹੈ। ਸੋ ਗੁਰਮਤਿ ਨਾਮ ਨੂੰ ਗੁੱਝਾ ਰਖਣ ਵਿਚ ਹੀ ਗੁਹਜ ਕਲਾ ਵਰਤਦੀ ਹੈ। ਪਰ ਅੱਜ ਕਲ੍ਹ ਦੇਖਣ ਵਿਚ ਆਉਂਦਾ ਹੈ ਕਿ ਅਵਲ ਤਾਂ ਗੁਰਮਤਿ ਨਾਮ ਤੇ ਅੰਮ੍ਰਿਤ ਕਲਾ-ਮਈ ਬਰਕਤਾਂ ਤੋਂ ਆਮ ਸਿਖ ਲੁਕਾਈ ਜਾਣੂ ਹੀ ਨਹੀਂ। ਜਿਨ੍ਹਾਂ ਨੂੰ ਕੁਝ ਥੋੜੀ ਬਹੁਤੀ ਨਾਮ ਦੀ ਜਾਣਕਾਰੀ ਹੈ, ਉਹ ਨਾਮ ਦੀ ਆਪ-ਹੁਦਰੀ ਖੁਲ੍ਹ-ਖੇਡ ਵਰਤਾ ਰਹੇ ਹਨ। ਨਿਗੁਰਿਆਂ, ਨਿਗੋਸਾਇਆਂ ਤੇ ਅਨ-ਅਧਿਕਾਰੀਆਂ ਦੇ ਖੁਲ੍ਹੇ ਦੀਵਾਨਾਂ ਵਿਚ ਗੁਰ-ਸ਼ਬਦ-ਅਭਿਆਸ-ਨਾਮ-ਰਟ ਦੀ ਖੁਲ੍ਹ ਖੇਡ ਵਰਤਾਉਣੀ ਠੀਕ ਨਹੀਂ ਹੈ। ਇਹੀ ਕਾਰਨ ਹੈ ਕਿ ਕਿਧਰੇ ਨਾਮ-ਕਲਾ ਜ਼ਾਹਰ ਜ਼ਹੂਰ ਨਹੀਂ ਹੁੰਦੀ।

—ਸੰਪਾਦਕ


ਚਿੱਠੀ ਪੱਤਰ ਤੇ ਰਕਮ ਭੇਜਣ ਦਾ ਪਤਾ

ਸੂਰਾ ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ



www.AKJ.Org

ਅੰਤਰਿ ਅਲਖੁ ਨ ਜਾਈ ਲਖਿਆ ॥
ਨਾਮੁ ਰਤਨੁ ਲੈ ਗੁਝਾ ਰਖਿਆ ॥
ਅਗਮੁ ਅਗੋਚਰੁ ਸਭ ਤੇ ਊਚਾ
ਗੁਰ ਕੈ ਸਬਦਿ ਲਖਾਵਣਿਆ ॥੧॥
ਹਉ ਵਾਰੀ ਜੀਉ ਵਾਰੀ
ਕਲਿ ਮਹਿ ਨਾਮੁ ਸੁਣਾਵਣਿਆ ॥
ਸੰਤ ਪਿਆਰੇ ਸਚੈ ਧਾਰੇ
ਵਡਭਾਗੀ ਦਰਸਨੁ ਪਾਵਣਿਆ ॥੧॥ਰਹਾਉ॥
ਸਾਧਿਕ ਸਿਧ ਜਿਸੈ ਕਉ ਫਿਰਦੇ ॥
ਬ੍ਰਹਮੇ ਇੰਦ੍ਰ ਧਿਆਇਨਿ ਹਿਰਦੇ ॥
ਕੋਟਿ ਤੇਤੀਸਾ ਖੋਜਹਿ ਤਾ ਕਉ
ਗੁਰ ਮਿਲਿ ਹਿਰਦੈ ਗਾਵਣਿਆ ॥੨॥
(੮॥੧॥੩੫) ਮਾਝ ਮ: ੫, ਪੰਨਾ ੧੩੦

ਭਾਵਾਰਥ :– ਜਿਸ ਪਰਮਾਤਮਾ ਨੂੰ ਸਾਧਿਕ ਸਿਧ ਅਨੇਕ ਕਰਮਾਂ-ਕਾਰੀ ਸਾਧਨ ਕਰਿ ਕਰਿ ਲਭਦੇ ਫਿਰਦੇ ਹਨ, ਬਥੇਰੇ ਬ੍ਰਹਮੇ ਇੰਦ੍ਰਾਦਿਕ ਦੇਵਤੇ ਅੰਤਰ ਧਿਆਨ ਹੋ ਕੇ ਮਿਲਣ ਲਈ ਅਰਾਧਦੇ ਹਨ, ਤੇਤੀ ਕ੍ਰੋੜ ਦੇਵਤੇ ਕੋਟਿ ਕਰਮ ਕਰਿ ਕਰਿ ਜਿਸ ਨੂੰ ਖੋਜਦੇ ਫਿਰਦੇ ਹਨ, ਪਰ ਉਹ ਖੋਜਿਆ ਨਹੀਂ ਜਾਂਦਾ; ਉਹ ਅਲੱਖ ਅਗੋਚਰ ਪਾਰਬ੍ਰਹਮ ਪਰਮਾਤਮਾ ਗੁਰ ਸਤਿਗੁਰ ਪੂਰੇ ਨੂੰ ਮਿਲ ਕੇ ਕੇਵਲ ਗੁਰਮਤਿ ਦੁਆਰਾ ਹੀ ਪਾਇਆ ਜਾਂਦਾ ਹੈ। ਪਾਇਆ ਭੀ ਐਸਾ ਜਾਂਦਾ ਹੈ ਕਿ ਗੁਰਮੁਖ ਜਨ ਉਸ ਦਾ ਦਰਸ਼ਨ ਪਾ ਕੇ ਘਟ ਅੰਤਰਿ ਹੀ ਉਸ ਨੂੰ ਲਖਿ ਲਖਿ ਵਿਗਸਿ ਵਿਗਸਿ ਉਸ ਸਨਮੁਖ ਲਖੇ ਵਾਹਿਗੁਰੂ ਦਾ ਜਸੁ ਮਹਿਵ ਹੋ ਕੇ ਗਾਂਵਦੇ ਹਨ। ਨਹੀਂ ਤਾਂ ਉਹ ਅਲੱਖ ਨਿਰੰਕਾਰ ਵਾਹਿਗੁਰੂ ਕਿਸੇ ਭੀ ਅਨਮੱਤ ਕਰਮ ਕਾਂਡੀ ਪੁਰਖ ਤੋਂ ਨਹੀਂ ਪਾਇਆ ਜਾ ਸਕਦਾ। ਉਹ ਅਲੱਖ ਅਦ੍ਰਿਸਟ ਵਾਹਿਗੁਰੂ ਸਭਨਾਂ ਘਟਾਂ ਅੰਦਰਿ ਵਸਿ ਰਹਿਆ ਹੈ, ਘਟਾਂ ਅੰਦਰਿ ਵਸਦਾ ਹੋਇਆ ਫੇਰ ਕਿਸੇ ਤੋਂ ਨਹੀਂ ਲਖਿਆ ਜਾਂਦਾ। ਉਹ ਅਗਮ ਅਗੋਚਰ ਸਭ ਤੋਂ ਉਚਾ ਪਾਰਬ੍ਰਹਮ ਪਰਮੇਸਰ ਵਾਹਿਗੁਰੂ ਗੁਰੂ ਕੇ ਸ਼ਬਦ ਗੁਰਮੰਤਰ ਦੁਆਰਾ ਘਟ ਅੰਤਰਿ ਹੀ ਲਖਿਆ ਜਾਂਦਾ ਹੈ।

ਗੁਰ ਸ਼ਬਦ ਗੁਰਮੰਤਰ ਦੀ ਖੇਡ ਗੁਰੂ ਘਰ ਅੰਦਰਿ ਬੜੀ ਹੀ ਗੁਝੀ ਹੈ। ਗੁਹਜ ਰਤਨ ਵਾਹਿਗੁਰੂ ਦਾ ਨਾਮੁ ਗੁਰਮੁਖਿ ਜਨ ਗੁਝਾ ਹੀ ਆਪਣੇ ਘਟ ਅੰਦਰ ਰਖਦੇ ਹਨ। ਅਤੇ ਅੰਦਰੋ ਅੰਦਰਿ ਗੁਪਤੋ ਗੁਪਤ ਉਸ ਦਾ ਰਸ ਮਾਣਦੇ ਹਨ। ਗੁਰੂ ਘਰ ਦੀ ਗੁੱਝੀ ਖੇਡ ਦੁਆਰਾ ਪਹਿਲਾਂ ਤਾਂ ਗੁੱਝੇ ਗੁਰਮੁਖ ਲਾਲਾਂ ਪੰਚ ਪਰਵਾਣ ਪਿਆਰਿਆਂ ਨੂੰ ਪੰਥ ਵਿਚਿ ਟੋਲ ਵਿਰੋਲ ਕੇ ਲਭਿਆ ਜਾਂਦਾ ਹੈ। ਫੇਰ ਉਹ ਪੰਜੇ ਗੁਰੂ ਕੇ ਗੁੱਝੇ ਲਾਲ ਪਿਆਰੇ ਗੁਰੂ ਕੀ ਜਣਾਈ ਗੁੱਝੀ ਗੁਰਮਤਿ ਜੁਗਤਿ ਜੁਗਤੀ ਅਨੁਸਾਰ (ਜੋ ਧੁਰਿ ਸਿਰੀ ਦਸਮੇਸ਼ ਦੇ ਸਮੇਂ ਤੋਂ ਸੀਨਾ-ਬਸੀਨਾ ਚਲੀ ਆਉਂਦੀ ਹੈ, ਪੰਥ ਅੰਦਰ ਗੁੱਝੀ ਹੀ ਚਲੀ ਆਉਂਦੀ ਹੈ) ਗੁਰ-ਦੀਖਿਆ ਰੂਪੀ ਅੰਮ੍ਰਿਤ-ਨਾਮ ਅਧਿਕਾਰੀ ਜਨਾਂ ਦੇ ਹਿਰਦਿਆਂ ਘਟਾਂ ਅੰਦਰਿ ਪਰਵੇਸ਼ ਕਰਦੇ ਹਨ। ਇਹ ਗੁਰ-ਪਰਵੇਸ਼ਿਆਂ ਘਟੰਤਰੀ-ਅੰਮ੍ਰਿਤ-ਨਾਮ ਜੋਤਿ-ਜਗੰਨਾ ਹੀਰਾ ਰਤਨ ਹੋ ਕੇ ਗੋਝ ਗੁਪਤੀ ਖੇਡ ਵਿਚਿ ਹਿਰਦੇ ਅੰਦਰਿ ਪਰਕਾਸ਼ਤ ਹੋ ਜਾਂਦਾ ਹੈ। ਕਈਆਂ ਵਡਭਾਗੀਆਂ ਪੂਰਬ-ਲਿਖਤ-ਅੰਕੂਰੀ-ਉੱਚ-ਕਰਮੱਗੀਆਂ ਦੇ ਹਿਰਦੇ ਅੰਦਰਿ ਅੰਮ੍ਰਿਤ ਛਕਣ ਸਮੇਂ ਹੀ ਗੁਰ-ਦੀਖਿਆ ਮਿਲਣ ਸਾਰ ਹੀ ਜਗਮਗਾ ਪੈਂਦਾ ਹੈ। ਇਹ ਜਗਮਗੀ ਝਾਲ ਓਹਨਾਂ ਤੋਂ ਝੱਲੀ ਨਹੀਂ ਜਾਂਦੀ। ਓਹ ਲੋਟ ਪੋਟ ਹੋ ਜਾਂਦੇ ਹਨ। ਗੁਰੂ ਸਰੂਪ ਪੰਜ ਪਿਆਰੇ ਹੀ ਇਹ ਝਾਲ ਝਲਾਉਂਦੇ ਅਜਰ ਜਰਾਉਂਦੇ ਹਨ। ਕਈਆਂ ਨੂੰ ਤੱਤ-ਫਟੱਤੀ ਜੋਤਿ ਜਗੰਤਰੀ ਪਰਗਾਸੂਤਾ ਨਹੀਂ ਹੁੰਦੀ, ਪਰ ਨਾਮ ਅਭਿਆਸ ਦਾ ਤੋਰਾ ਤੁਰ ਪੈਂਦਾ ਹੈ। ਰਸ ਰੁਮਕੀ ਸਾਂਗ ਭੀ ਓਹਨਾਂ ਦੇ ਹਿਰਦੇ ਅੰਦਰਿ ਫਿਰ ਜਾਂਦੀ ਹੈ। ਇਹ ਰਸ-ਰੁਮਕੀ ਸਾਂਗ ਨਾਮ ਦ੍ਰਿੜਤਾ ਦੀ ਨੀਸ਼ਾਨੀ ਹੁੰਦੀ ਹੈ। ਇਸ ਦੇ ਆਸਰੇ ਉਭਾਰ ਕਰ ਕੇ ਓਹ ਨਾਮ ਅਭਿਆਸ ਕਮਾਈਆਂ ਵਿਚਿ ਲੱਕ ਬੰਨ੍ਹ ਕੇ ਜੁਟ ਪੈਂਦੇ ਹਨ। ਅਤੇ ਨਦਰ-ਕਰੰਮੀ ਸਾਰੇ ਸੰਜੋਗਾਂ ਦੇ ਅੰਕੂਰਤ ਹੋ ਜਾਣ ਪਰ ਰਤਨ ਨਾਮ ਦੀ ਜੋਤਿ ਉਨ੍ਹਾਂ ਦੇ ਹਿਰਦੇ ਅੰਦਰਿ ਅਚਿੰਤੇ ਹੀ ਜਗ ਪੈਂਦੀ ਹੈ।

www.AKJ.Org

ਇਹ ਸੱਚੜੇ ਸੁਹਾਗ ਭਾਗ ਦੇ ਪ੍ਰਾਪਤਿ ਹੋਣ ਦਾ ਪ੍ਰਿਥਮ ਝਲਕਾ ਪਹਿਲ-ਪਲੋਂਠੀ ਦਾ ਜਲਵਾ ਹੁੰਦਾ ਹੈ। ਇਉਂ "ਅਗਮੁ ਅਗੋਚਰੁ ਸਭ ਤੇ ਊਚਾ ਗੁਰ ਕੈ ਸਬਦਿ ਲਖਾਵਣਿਆ" ਵਾਲੀ ਗੁਰਮਤਿ ਜੁਗਤੀ ਦਾ ਬਣਾਉ ਬਣਦਾ ਹੈ।

ਜੋ ਅਗਮ ਅਗੋਚਰ ਪਾਰਬ੍ਰਹਮ ਪਰਮੇਸਰ ਹੋਰ ਕਿਸੇ ਭੀ ਕਰਮ-ਕਾਂਡ ਕਰਕੇ ਵਡੇ ਤੋਂ ਵਡੇ ਖ਼ੁਦ-ਸਰੀ ਮਤਸਰੀ ਕਰਮ-ਕਾਂਡੀ ਤੋਂ ਨਹੀਂ ਲਖਿਆ ਜਾ ਸਕਦਾ, ਉਸ ਨੂੰ ਗੁਰੂ ਕੈ ਸ਼ਬਦ ਗੁਰਮੰਤਰ ਦੀ ਦੀਖਿਆ ਦੁਆਰਾ ਸਹਿਜੇ ਹੀ ਲਖਿਆ ਜਾ ਸਕਦਾ ਹੈ।

ਅਜਿਹੀ ਗੁਰ-ਦੀਖਿਆ ਗੁਰਮੰਤ੍ਰੀ ਅੰਮ੍ਰਿਤ ਨਾਮ ਨੂੰ ਜਿਨ੍ਹਾਂ ਨੇ ਇਸ ਕਲਜੁਗ ਅੰਦਰਿ ਲਖ ਕੇ ਅਤੇ ਪੰਜ ਪਿਆਰਿਆਂ ਦੀ ਜੁੜਨੀ ਵਿਚਿ ਜੁੜ ਕੇ ਹੋਰਨਾਂ ਨੂੰ ਭੀ ਸੁਣਾਇਆ ਦੀਖਸ਼ਾਇਆ ਹੈ, ਤਿਨ੍ਹਾਂ ਵਿਟਹੁ ਸਿਰੀ ਗੁਰੂ ਨਾਨਕ ਪੰਚਮੇਸ਼ ਵਾਰਨੇ ਬਲਿਹਾਰਨੇ ਜਾਂਦੇ ਹਨ। ਐਸੇ ਸੰਤ ਪਿਆਰੇ ਜੋ ਸੱਚੇ ਵਾਹਿਗੁਰੂ ਦੀ ਨਦਰਿ-ਕਰੰਮੀ ਮੇਹਰ ਦੁਆਰਾ ਚੀਨੇ ਚੁਣੇ, ਪਰਵਾਨੇ ਪਰਧਾਨੇ (ਧਾਰੇ) ਗਏ ਹਨ ਤਿਨ੍ਹਾਂ ਦਾ ਦਰਸ਼ਨ ਵਡਭਾਗੀਂ ਹੀ ਮਿਲਦਾ ਹੈ। ਅਜਿਹੇ ਪੰਜ ਪਿਆਰਿਆਂ ਗੁਰੂ ਸੰਵਾਰਿਆਂ ਦੇ ਦਰਸ਼ਨ ਪਾਉਣਹਾਰੇ ਵਡਭਾਗੀਆਂ ਵਿਟਹੁ ਭੀ ਗੁਰੂ ਸਾਹਿਬ ਕੁਰਬਾਨ ਹੁੰਦੇ ਹਨ।

## ਰਤਨ ਪਦਾਰਥ ਘਰ ਤੇ ਪਾਇਆ--

ਰਤਨ ਪਦਾਰਥ ਘਰ ਤੇ ਪਾਇਆ ॥
ਪੂਰੈ ਸਤਿਗੁਰਿ ਸਬਦੁ ਸੁਣਾਇਆ ॥
ਗੁਰ ਪਰਸਾਦਿ ਮਿਟਿਆ ਅੰਧਿਆਰਾ ॥
ਘਟਿ ਚਾਨਣੁ ਆਪੁ ਪਛਾਨਣਿਆ ॥੭॥
ਆਪਿ ਉਪਾਏ ਤੈ ਆਪੇ ਵੇਖੈ ॥
ਸਤਿਗੁਰੁ ਸੇਵੈ ਸੋ ਜਨੁ ਲੇਖੈ ॥
ਨਾਨਕ ਨਾਮੁ ਵਸੈ ਘਟ ਅੰਤਰਿ
ਗੁਰ ਕਿਰਪਾ ਤੇ ਪਾਵਣਿਆ ॥੮॥੩੧॥੩੨॥

ਮਾਝ ਮ: ੩, ਪੰਨਾ ੧੨੯

ਇਸ ਗੁਰਵਾਕ ਦੁਆਰਾ ਭੀ ਗੁਰ-ਗੋਝ-ਰੀਤੀ ਅੰਮ੍ਰਿਤ ਨਾਮ ਦੇ ਗੁਪਤੋਂ ਪਰਗਟ ਹੋ ਕੇ ਪਰਵੇਸ਼ ਹੋਣ ਦੀ ਦਰਸਾਈ ਗਈ ਹੈ। ਇਹ ਖੇਡ ਕੇਵਲ ਗੁਰੂ ਘਰ ਅੰਦਰਿ ਹੀ ਹੈ, ਹੋਰ ਕਿਤੇ ਨਹੀਂ। ਨਾਮ ਰੂਪ ਰਤਨ ਪਦਾਰਥ ਘਰ ਤੋਂ, ਘਟ ਅੰਤਰੋਂ ਹੀ ਪਾ ਲਈਦਾ ਹੈ। ਜਦੋਂ ਪੂਰੇ ਸਤਿਗੁਰੂ ਨੇ ਪੂਰੇ ਭਾਂਡੇ ਪੰਜਾਂ ਪਿਆਰਿਆਂ ਦੇ ਸਰੂਪ ਵਿਚਿ ਗੁਰੂ ਦੀਖਿਆ ਦੇ ਕੇ ਸ਼ਬਦ ਗੁਰ-ਮੰਤਰ ਨੂੰ ਉਤਮ ਜਗਿਆਸੂ ਜਨਾਂ ਦੀ ਸ੍ਰਵਣਾਂ (ਕੰਨਾਂ) ਅੰਦਰਿ ਸੁਣਾਇਆ, ਫੇਰ ਉਸ ਦਾ ਸਾਰਾ ਹੀ ਅਗਿਆਨ-ਅੰਧੇਰਾ ਮਿਟ ਗਇਆ। ਜਦੋਂ ਗੁਰਪ੍ਰਸਾਦੀ ਅਤੁਟ ਨਾਮ-ਜੋਤਿ ਪਰਜੁਅਲਤ ਹੋ ਗਈ ਅਤੇ ਘਟਿ ਅੰਤਰਿ ਇਸ ਜੋਤਿ-ਉਜਿਆਰ ਦਾ ਚਾਨਣ ਹੀ ਚਾਨਣ ਪ੍ਰਕਾਸ਼ਤ ਹੋ ਗਿਆ, ਇਸ ਪਦ ਤੋਂ ਤਦੋਂ ਆਪਾ ਚੀਨਿਆ ਜਾਂਦਾ ਹੈ, ਆਪਾ ਪਛਾਣਿਆ ਜਾਂਦਾ ਹੈ। ਐਸੇ ਜੋਤਿ-ਸੰਜੋਗੀ [illegible] ਲੀਣੇ ਭਾਂਡੇ ਪੂਰੀਆਂ ਜੋਤਿ-ਜਲਵੰਨੀ-ਜੀਵਨੀਆਂ ਵਾਲੇ ਪੂਰੇ ਗੁਰਮੁਖ ਭਾਂਡੇ, ਨਦਰੀ ਵਾਹਿਗੁਰੂ ਨੇ ਆਪਣੀ ਨਦਰਿ ਕਰਿ ਆਪ ਹੀ ਉਪਾਏ ਹਨ ਅਤੇ ਆਪ ਹੀ ਵਾਹਿਗੁਰੂ ਤਿਨ੍ਹਾਂ ਨੂੰ ਉਪਾਇ ਉਪਾਇ ਕੇ ਦੇਖਦਾ ਹੈ ਤੇ ਵੇਖ ਵੇਖ ਵਿਗਸਦਾ ਹੈ। ਸਤਿਗੁਰੂ ਦੀ ਦਰਸਾਈ ਗੁਰ-ਮੰਤਰ ਅਭਿਆਸ ਕਮਾਈ ਰੂਪੀ ਸੇਵਾ ਜੋ ਜਨ ਕਰਦੇ ਹਨ ਓਹੀ ਜਨ ਲੇਖੇ ਪੈਂਦੇ ਹਨ। ਤਿਨ੍ਹਾਂ ਪੂਰਨ ਖਲਕੇ ਗੁਰਮੁਖ ਜਨਾਂ ਦੀ ਇਹ ਨੀਸ਼ਾਨੀ ਹੈ ਕਿ ਨਾਮ ਦੀ ਇਹ ਰਸ-ਜੋਤਿ-ਜੀਅੰਦੀ ਵਾਂਗ ਤਿਨ੍ਹਾਂ ਦੇ ਘਟ ਅੰਤਰਿ ਸਦਾ ਹੀ ਵਸੀ ਰਹੀ ਰਹਿੰਦੀ ਹੈ। ਗੁਰ ਪ੍ਰਸਾਦੀ ਹੀ ਤੋੜ ਨਿਭਦੀ ਹੈ। ਆਨ-ਮੱਤ ਕਰਮ-ਕਾਂਡੀਆਂ ਦੇ ਸਮੁੱਚੇ ਹੀ ਕਰਮ-ਕਾਂਡ ਇਸ ਗੁਰਮਤਿ ਨਾਮ ਅਭਿਆਸਣੀ ਕਾਰ ਦੇ ਸਾਹਮਣੇ ਮਾਤ ਹਨ।

["ਗੁਰਮਤਿ ਕਰਮ ਫ਼ਿਲਾਸਫ਼ੀ" ਪੁਸਤਕ ਵਿਚੋਂ



www.AKJ.Org

# ਤਿਰੰਗੀ ਸਿੱਖੀ

[ਵਲੋਂ—ਸ: ਵਿਧਾਤਾ ਸਿੰਘ ਜੀ 'ਤੀਰ']

ਇਕ ਦਿਨ ਗੁੱਜਰੀ ਮਾਂ ਦੇ ਚੰਦ ਗਿਰਦੇ,
ਸੈਆਂ ਸਿਖ ਸਿਦਕੀ ਤਾਰੇ ਸੋਭ ਰਹੇ ਸੀ।
ਜਗਦੀ ਜੋਤ ਤੋਂ ਜੋਤਾਂ ਜਗਾ ਰਹੇ ਸੀ,
ਤੇ ਪਰਵਾਰ ਵਾਙੂ ਸਾਰੇ ਸੋਭ ਰਹੇ ਸੀ।

ਅਚਨਚੇਤ ਤਦ ਅੰਮ੍ਰਿਤੀ ਜੀਭ ਬੋਲੀ,
ਬਰਖਾ ਜਿਉਂ ਹੋਈ ਅੰਮ੍ਰਿਤ-ਧਾਰ ਦੀ ਹੈ।
''ਸਿਖੋ! ਸੇਵਕੋ! ਸਿਦਕੀਓ! ਪ੍ਰੀਤਵਾਨੋ!
ਸਿੱਖੀ ਸਮਝ ਲੋ ਤਿੰਨ ਪਰਕਾਰ ਦੀ ਹੈ।''

ਏਨੀ ਸੁਣਦਿਆਂ ਉਠ ਪਏ ਕਈ ਸ਼ੰਕੇ,
ਕੂਕੀ ਬੇਨਤੀ: ''ਕਰੋ ਕਲਿਆਨ ਦਾਤਾ!
ਏਸ ਰਮਜ਼ ਦਾ ਅਸਾਂ ਅਗਿਆਨੀਆਂ ਨੂੰ,
ਦਿਓ ਤੁੱਠ ਕੇ ਪੂਰਨ ਗਿਆਨ ਦਾਤਾ!

ਜਾਣਨਹਾਰ ਜੀ, ਤੁਸੀਂ ਹੀ ਜਾਣਦੇ ਹੋ,
ਗੂੜ੍ਹੀ ਰਮਜ਼ ਇਹ ਸਮਝ ਤੋਂ ਪਰ੍ਹਾਂ ਦੀ ਹੈ।
ਰੱਤਾ ਖੋਲ੍ਹ ਕੇ ਗੱਲ ਸਮਝਾਓ ਸਾਨੂੰ,
ਸਿੱਖੀ ਇੱਕ ਹੈ ਕਿ ਤਿੰਨ ਤਰ੍ਹਾਂ ਦੀ ਹੈ।''

ਜਾਣੀ-ਜਾਣ ਮੁਸਕਾਏ ਤੇ ਹੁਕਮ ਕੀਤਾ:
''ਇਸ ਨੂੰ ਜਾਣਿਓ ਨ ਹਾਸਾ ਪ੍ਰੀਤਵਾਨੋ!
ਤਿੰਨਾਂ ਪਾਣੀ ਦੇ ਭਾਂਡਿਆਂ ਵਿਚ ਸੁੱਟੋ,
ਪੱਥਰ, ਢੀਮ, ਪਤਾਸਾ ਪ੍ਰੀਤਵਾਨੋ!''

ਸਿਖਾਂ ਗੁਰੂ ਦੇ ਹੁਕਮ ਤੇ ਫੁੱਲ ਚਾੜ੍ਹੇ,
ਪਾਣੀ ਵਿਚ ਤਿੰਨੇ ਵਸਤਾਂ ਸੁੱਟ ਵੇਖਣ।
ਵੇਖੋ! ਕਿਵੇਂ ਅੜਉਣੀ ਖੁੱਲ੍ਹਦੀ ਹੈ,
ਦਿਲਾਂ ਵਿਚ ਹੈਰਾਨਗੀ ਘੁੱਟ ਵੇਖਣ।

ਪਲਾਂ ਪਿਛੋਂ ਪਿਆਰ ਦੇ ਪੁੰਜ ਬੋਲੇ,
''ਹਿੰਮਤ ਕਰੋ ਸਿਖੋ! ਨਿਰਣਾ ਕਰੋ ਆਪੇ।
ਪਾਣੀ ਵਿਚ ਜੋ ਸੁੱਟੀਆਂ ਤਿੰਨ ਵਸਤਾਂ,
ਬਾਹਰ ਪਾਣੀਓਂ ਕੱਢ ਕੇ ਧਰੋ ਆਪੇ।''

ਤਿੰਨ ਮੁਹਤਬਿਰ ਪਾਣੀ ਨੂੰ ਵੇਖ ਬੋਲੇ:
''ਝੂਠ ਇਸ ਵਿਚ ਮਾਸਾ ਵੀ ਨਹੀਂ ਦਾਤਾ।
ਪੱਥਰ ਉਵੇਂ ਦਾ ਉਵੇਂ ਹੈ ਵਿਚ ਪਾਣੀ,
ਢੀਮ ਨਹੀਂ, ਪਤਾਸਾ ਵੀ ਨਹੀਂ ਦਾਤਾ।

ਪੱਥਰ ਨਹੀਂ ਘੱਟਿਆ, ਨਾ ਹੀ ਵਧਿਆ ਹੈ,
ਖੁਰੀ ਢੀਮ, ਪਤਾਸਾ ਵੀ ਘੁੱਲਿਆ ਹੈ।
ਕੁੰਜੀ ਸੋਚ ਦੀ ਲਾਈ ਹੈ ਅਸਾਂ ਭਾਵੇਂ,
ਪਰ ਨਾ ਭੇਤ ਦਾ ਜੰਦਰਾ ਖੁਲ੍ਹਿਆ ਹੈ।''

ਜਾਣੀ-ਜਾਣ ਬੋਲੇ: ''ਸੁਣੋ ਸਿਦਕਵਾਨੋ,
ਰਮਜ਼ ਪਈ ਸਮਝਾਂਵਦੀ ਅੱਜ ਦੀ ਹੈ।
ਪੱਥਰ ਉਹ ਸਿੱਖੀ ਜੋ ਨਾ ਗੱਲੇ ਭਿੱਜੇ,
ਜੋ ਨਾ ਦਿਲੋਂ ਭਗਵਾਨ ਨੂੰ ਭੱਜਦੀ ਹੈ।

ਸਿੱਖੀ ਓਸ ਨੂੰ ਢੀਮ ਦੇ ਵਾਂਗ ਸਮਝੋ,
ਗਲੇ ਖੁਰੇ ਪਰ ਘੋਲਦੀ ਗੰਦ ਸਿਖੋ!
ਜਿਨੂੰ ਲਾਗ ਨਹੀਂ ਲਗੀ ਪਵਿੱਤਰਤਾ ਦੀ,
ਸਿੱਖੀ ਉਹ ਨਹੀਂ ਮੈਨੂੰ ਪਸੰਦ ਸਿਖੋ।

ਅਸਲ ਸਿਖੀ ਪਤਾਸੇ ਦਾ ਰੂਪ ਹੈ ਜੋ,
ਇਸ ਵਿਚ ਰੱਸ ਹੈ, ਕੋਮਲ ਮਿਠਾਸ ਵੀ ਹੈ।
ਤਿੰਨਾਂ ਗੁਣਾਂ ਵਿਚੋਂ ਦੱਸੋ ਇੱਕ ਕੋਈ,
ਵੱਧ ਇਕ ਤੋਂ ਕਿਸੇ ਦੇ ਪਾਸ ਵੀ ਹੈ।

ਹੈ ਇਹ ਠੀਕ, ਹੋ ਪੂਜਦੇ ਤੁਸੀਂ ਮੈਨੂੰ,
ਨੈਣਾਂ ਵਾਸਤੇ ਚੰਦ ਮੈਂ ਦੂਜ ਦਾ ਹਾਂ।
ਦਿਲੋਂ ਮਨੋਂ ਪਤਾਸੇ ਦਾ ਰੂਪ ਹੈ ਜੋ,
ਮੈਂ ਵੀ ਦਿਲੋਂ ਉਸ ਸਿਖੀ ਨੂੰ ਪੂਜਦਾ ਹਾਂ।

ਸਿੱਖੀ ਨੇਕੀ ਹੈ, ਸੇਵਾ ਹੈ, ਨਿਮਰਤਾ ਹੈ,
ਹੈ ਆਚਰਨ, ਮੁਥਾਜ ਬਿਆਨ ਦੀ ਨਹੀਂ।
ਜਿਹੜਾ ਸਿਖ ਇਸ ਸਿਖੀ ਤੋਂ ਦੂਰ ਰਹਿੰਦਾ,
ਮੇਰੀ ਆਤਮਾ ਉਨ੍ਹੂੰ ਪਰਵਾਨਦੀ ਨਹੀਂ।''



www.AKJ.Org

# 'ਅਨੰਦ ਸਾਹਿਬ' ਦੇ ਪਾਠਾਂ ਦੀ ਯਾਚਨਾ

ਪਾਠਕ ਜਨਾਂ ਦਾ ਕੋਟਾਨ ਕੋਟ ਧੰਨਵਾਦ ਹੈ ਜਿਨ੍ਹਾਂ ਨੇ ਦਾਸਾਂ ਦੀ ਬੇਨਤੀ ਪਰਵਾਨ ਕਰ ਕੇ "ਅਰਦਾਸ" ਰਾਹੀਂ ਯੂ. ਕੇ. ਇੰਗਲੈਂਡ ਦੀ ਧਰਤੀ ਤੇ ਸਿਖੀ ਦੀ ਪਰਫੁਲਤਾ ਵਾਸਤੇ ਇਕ ਵਿਸ਼ੇਸ਼ ਸਕੂਲ ਦੀ ਸਥਾਪਨਾ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਪੰਜ ਸੌ ਸਾਲਾ ਪੁਰਬ ਮਨਾਉਣ ਵਿਚ ਅਤਯੰਤ ਬਲ ਬਖਸ਼ਿਆ ਹੈ ਤੇ ਗੁਪਤ ਕਲਾ ਰਾਹੀਂ ਇਸ ਨੂੰ ਸਾਕਾਰ ਕਰਨ ਦੇ ਯੋਗ ਬਣਾਇਆ ਹੈ ।

ਹੁਣ ਆਪ ਦੇ ਚਰਨਾਂ ਵਿਚ ਜੋਦੜੀ ਹੈ ਕਿ ਇਸ ਮਹਾਨ ਉਤਮ ਅਉਸਰ ਤੇ ਸਕੂਲ ਅਰੰਭ ਕਰਨ ਸਮੇਂ ਪੰਜ ਲਖ ਅਨੰਦ ਸਾਹਿਬ ਦੇ ਪਾਠ ਸਮਰਪਨ ਕਰਨਾ ਚਾਹੁੰਦੇ ਹਾਂ । ਸੁਰਤ ਨੂੰ ਅਨੰਦ ਬਖ਼ਸ਼ਣ ਵਾਲੇ ਅਨੰਦ ਸਾਹਿਬ ਵਿਚ ਜੋੜ ਕੇ, ਅਨੰਦ ਸਾਹਿਬ ਦੇ ਕਰਤਾ ਸ੍ਰੀ ਗੁਰੂ ਅਮਰਦਾਸ ਦੇ ਚਰਨਾਂ ਨਾਲ ਜੋੜਦੇ ਹੋਏ, ਉਨ੍ਹਾਂ ਦੀ ਰਹਿਮਤ ਤੇ ਬਖਸ਼ਸ਼ ਦੇ ਪਾਤਰ ਬਣਾਵੋ ਜੀ, ਤਾਂ ਜੁ ਇਸ ਸਕੂਲ ਵਿਚ ਵਿਦਿਆ ਪ੍ਰਾਪਤ ਕਰਨ ਵਾਲੇ ਬੱਚੇ ਆਪ ਦੀ ਇਸ 'ਅਨੰਦੀ ਦੇਣ' ਸਦਕਾ ਗੁਰਸਿਖੀ ਜੀਵਨ ਵਿਚ ਪਰਫੁਲਤ ਹੋ ਕੇ ਅਨੰਦੀ ਤਰਬਾਂ ਵਿਚ ਸਰਸ਼ਾਰ ਹੁੰਦੇ ਰਹਿਣ । ਇਸ ਸਕੂਲ ਦੀ ਉਸਾਰੀ ਤੇ ਪਰਫੁਲਤਾ ਵਿਚ ਕੇਵਲ ਮਾਇਆ ਦਾ ਹੀ ਬੋਲ-ਬਾਲਾ ਨਾ ਹੋਵੇ ਸਗੋਂ ਅਨਗਿਣਤ ਗੁਰਸਿਖਾਂ ਦੀ ਭਾਵਨਾ ਅਨੁਸਾਰ ਕੀਤੇ ਆਨੰਦ ਸਾਹਿਬ ਦੇ ਅਨੰਦੀ ਪਾਠਾਂ ਦੇ ਅਨੂਠੇ ਤੇ ਚਲੂਲੇ ਰੰਗਾਂ ਸਦਕਾ ਬੱਚਿਆਂ ਦਾ ਗੁਰਸਿਖੀ ਜੀਵਨ ਅਨੰਦ ਦੀਆਂ ਸਿਖਰਾਂ ਨੂੰ ਛੂੰਹਦਾ ਰਵੇ ।

ਯੂਨੈਸਿਕੋ (Unesco) ਨੇ ੧੯੭੯ ਨੂੰ ਬੱਚਿਆਂ ਦਾ ਸਾਲ ਕਰਾਰ ਦਿਤਾ ਹੈ ਅਤੇ ਸਾਰੇ ਸੰਸਾਰ ਨੂੰ ਬੱਚਿਆਂ ਦੀ ਸੇਵਾ-ਸੰਭਾਲ ਵਲ ਵਿਸ਼ੇਸ਼ ਧਿਆਨ ਦੇਣ ਦੀ ਅਪੀਲ ਕੀਤੀ ਹੈ । ਆਪ ਦੇ ਚਰਨਾਂ ਤੇ ਪੂਰਨ

੩

॥(੨੧) ਪੰ: ੫੯੪

(ਭਾ: ਗੁ: ਵਾਰ-੧੩)

ਵਿਚੋਂ ਇਕ ਪੈਸਾ ਵੀ
ਬਿਨਾਂ ਘਾਲਣਾ ਦੇ ਹੀ
ਰੀ ਗਿਆਨ ਨੂੰ ਪ੍ਰਾਪਤ
ਅਤ ਇਹ ਹੈ ਕਿ ਸਾਨੂੰ
ਦਰੋ ਕੀਮਤ ਦੀ ਅਜੇ
ਤਿ ਭੰਡਾਰ ਗੁਰਬਾਣੀ
ਾਵਤ ਨਿਹਾਲ ॥ (ਪੰ:
। ਹਾਂ, ਪਰ ਮਨ ਕਰਕੇ
ਕਾਰਨ ਨਿਹਾਲ ਹੋਣ
ਂ ਹੁੰਦੀ । ਜਦੋਂ ਤਕ
ਮਲੀ ਜੀਵਨ ਨਹੀਂ,
ਵਾਨ ਨਹੀਂ । ਸਿੱਖੀ
ਸਾਹਿਬ ਗੁਰਦਾਸ ਜੀ

ਮ ਇਹ,
ਸਖ ਕਰਣਾ
ਾਪਣੇ ਜੀਵਨ ਦਾ ਭਾਗ
ਾਉਣਾ ਹੈ, ਜਿਵੇਂ ਕਿ
ਹੈ--"ਮੈ ਗੁਰਬਾਣੀ
ਰਹਾਉ ॥ (ਪੰ:੭੫੯)
ੀ ਹੈ ਜਿਸ ਦੀ ਟੇਕ ਹਰ
ਜਾਵੇ । 'ਬਾਣੀ ਗੁਰੂ

ਲੜਾਂ ਦੀ ਵਿਦਿਆ ਵਿਚ ਨਿਪੁੰਨ ਹੋਣ ਦਾ ਜਤਨ ਗੁਰੂ ਹੈ ਬਾਣੀ...' ਅਨੁਸਾਰ ਗੁਰਬਾਣੀ ਨੂੰ ਹਰ ਰੋਜ਼
ਕੀਤਾ ਜਾਂਦਾ ਹੈ ਉਥੇ ਧਾਰਮਿਕ ਵਿਦਿਆ- ਸਤਿਗੁਰੂ ਮੰਨ ਕੇ ਮੱਥਾ ਟੇਕਦੇ, ਸ਼ਹਧਾ ਦੇ ਫੂਲ ਭੇਟ



www.AKJ.Org

ਕਰਦੇ, ਕੜਾਹ ਪ੍ਰਸ਼ਾਦ ਅਤੇ ਹੋਰ ਅਨਿਕਾਂ ਪਦਾਰਥ ਭੇਟਾ ਕਰਦੇ, ਆਰਥਕ ਤੇ ਪਰਮਾਰਥਕ ਕਾਰਜਾਂ ਹਿਤ ਅਰਦਾਸਾਂ ਕਰਦੇ ਕਰਾਉਂਦੇ ਹਾਂ, ਪਰ ਇਸ ਵਿਚ ਦਿਤੇ ਉਚਤਮ ਉਪਦੇਸ਼ਾਂ ਦਾ ਬੋਧ ਪ੍ਰਾਪਤ ਕਰਨ ਤੋਂ ਅਸੀ ਅਵੇਸਲੇ ਰਹਿੰਦੇ ਹਾਂ । ਇਉਂ ਗੁਰੂ ਜੀ ਦੀ ਖੁਸ਼ੀ ਕਿਵੇਂ ਪ੍ਰਾਪਤ ਹੋ ਸਕਦੀ ਹੈ ਅਤੇ ਜਨਮ ਕਿਵੇਂ ਸੰਵਰ ਸਕਦਾ ਹੈ ? ਸਤਿਗੁਰੂ ਜੀ ਤਾਂ ਹੋਕਾ ਦੇ ਰਹੇ ਹਨ—

ਗੁਰਬਾਣੀ ਇਸੁ ਜਗ ਮਹਿ ਚਾਨਣੁ
ਕਰਮਿ ਵਸੈ ਮਨਿ ਆਇ ॥ (ਪੰਨਾ ੬੭)

ਇਹ ਠੀਕ ਹੈ ਕਿ ਵਡੇ ਭਾਗਾਂ ਕਰਕੇ ਹਿਰਦੇ ਵਿਚ ਗੁਰਬਾਣੀ ਵਸਦੀ ਹੈ, ਪਰ ਜੇ ਸਾਨੂੰ ਉਹ ਚਾਨਣ ਪ੍ਰਾਪਤ ਕਰਨ ਦੀ ਲੋਚਾ ਹੀ ਨਹੀਂ ਲੱਗੀ, ਉਸ ਰਸਤੇ ਹੀ ਨਹੀਂ ਪਏ ਤਾਂ ਮੰਜ਼ਲ ਤੇ ਕਿਵੇਂ ਅਪੜ ਸਕਾਂਗੇ ? ਲੋਚਾ ਹਮੇਸ਼ਾ ਪਿਆਰ ਤੋਂ ਪੈਦਾ ਹੁੰਦੀ ਹੈ ਅਤੇ ਪਿਆਰ ਉਪਜਦਾ ਹੈ ਨਿਰਮਲ ਭਉ ਤੋਂ । ਜਦੋਂ ਸਤਿਗੁਰ ਸਚੇ ਪਾਤਸ਼ਾਹ ਜੀ ਦਾ ਭਉ ਮਨ ਵਿਚ ਵਸਦਾ ਹੈ ਤਾਂ ਹਰ ਤਰ੍ਹਾਂ ਦੀ ਸੋਝੀ ਪ੍ਰਾਪਤ ਹੋ ਜਾਂਦੀ ਹੈ । ਪੂਰਨ ਸੋਝੀ ਹੋਣੀ ਤਾਂ ਇਕ ਪਾਸੇ ਰਹੀ, ਸਾਨੂੰ ਤਾਂ ਵਿਆਕਰਣ ਬਾਰੇ ਭੀ ਸੋਝੀ ਨਹੀਂ, ਸ਼ਬਦਾਂ ਦੀ ਪਦ-ਵੰਡ ਤੇ ਸੁਧ ਉਚਾਰਣ ਦਾ ਵੀ ਬੋਧ ਨਹੀਂ । ਗੁਰਬਾਣੀ ਦੇ ਸ਼ਬਦ-ਜੋੜਾਂ ਨਾਲ ਬਦਲਦੇ ਸਰੂਪਾਂ ਵਲ ਧਿਆਨ ਦੇਣ ਦੀ ਅਸੀਂ ਕਦੇ ਖੇਚਲ ਹੀ ਨਹੀਂ ਕੀਤੀ । ਪਾਠ-ਬਿਸਰਾਮਾਂ ਬਾਰੇ ਤਾਂ ਕਹਿਣਾ ਹੀ ਕੀ ਹੈ, ਜਿਥੇ ਜੀਅ ਕਰੇ ਉਥੇ ਹੀ ਬਿਸਰਾਮ ਲਾ ਕੇ ਪਾਠ ਚਲੰਤ ਰਖਣ ਵਾਲੀ ਗੱਲ ਕਰਦੇ ਹਾਂ । ਬੋਲੀ ਦੀ ਵਿਚਾਰਧਾਰਾ ਨਾਲ ਵੀ ਬਾਣੀ ਦੇ ਅਰਥਾਂ ਦਾ ਗੂੜ੍ਹਾ ਸਬੰਧ ਹੁੰਦਾ ਹੈ, ਪਰ ਅਸੀਂ ਇਹ ਸਾਰਾ ਲੋੜੀਂਦਾ ਗਿਆਨ ਅੱਖੋਂ ਓਹਲੇ ਕਰ ਕੇ ਗੁਰਬਾਣੀ ਦੇ ਕਥਾਕਾਰ ਬਣ ਬੈਠਦੇ ਹਾਂ । 'ਨੀਮ ਹਕੀਮ ਖ਼ਤਰਾ ਜਾਨ' ਵਾਂਗੂ ਇਸ ਪ੍ਰਕਾਰ ਦੇ ਸਵੈ-ਕਥਾਕਾਰ ਬਣ ਜਾਣ ਨਾਲ ਅਸੀਂ ਆਪਣੇ ਆਪ ਨੂੰ ਹੀ ਧੋਖਾ ਨਹੀਂ ਦੇਂਦੇ ਸਗੋਂ ਕਈ ਵਾਰੀ ਸਰੋਤਿਆਂ ਨੂੰ ਕੁਰਾਹੇ ਪਾਉਣ ਦੇ ਗੁਨਾਹ ਦੇ ਭੀ ਭਾਗੀ ਬਣ ਜਾਂਦੇ ਹਾਂ । ਗੁਰਬਾਣੀ ਦੀ ਸ਼ਬਦਾਵਲੀ ਔਖੀ ਨਹੀਂ; ਇਹ ਨਿਤ ਵਰਤੋਂ ਦੀ ਬੋਲੀ ਵਿਚ ਹੈ; ਪਰ ਅਸੀਂ ਅਗਿਆਨਪੁਣੇ ਵਿਚ ਇਸ ਨੂੰ ਔਖੀ ਸਮਝ ਬੈਠੇ ਹਾਂ । ਗੁਰੂ ਨਾਨਕ ਨਿਰੰਕਾਰੀ ਜੀ ਨੇ ਸਾਡੇ ਤੇ ਭਾਰੀ ਉਪਕਾਰ ਕਰਦੇ ਹੋਏ ਇਲਾਹੀ ਬਾਣੀ ਦਾ ਅਮੋਲਕ ਖਜ਼ਾਨਾ ਸਾਡੀ ਨਿਤ-ਵਰਤੋਂ ਦੀ ਬੋਲੀ (ਗੁਰਮੁਖੀ-ਪੰਜਾਬੀ) ਵਿਚ ਸਾਨੂੰ ਬਖ਼ਸ਼ਿਆ, ਪਰ ਫਿਰ ਭੀ ਇਸ ਨੂੰ ਗਹੁ ਨਾਲ ਸਮਝਣ ਤੇ ਵਾਚਣ ਦੀ ਲੋੜ ਹੈ ।

ਸਤਿਗੁਰਾਂ ਨੇ ਭੀ ਧੁਰੋਂ ਆਈ ਬਾਣੀ ਨੂੰ ਲਿਖਤੀ ਰੂਪ ਦੇਣ ਹਿਤ ਔਖੀਆਂ ਭਾਸ਼ਾਵਾਂ ਨੂੰ ਮਾਧਿਅਮ ਬਣਾਉਣ ਦੀ ਥਾਂ ਸੁਗਮ ਭਾਸ਼ਾ ਪੰਜਾਬੀ ਨੂੰ ਹੀ ਇਹ ਮਾਣ ਬਖ਼ਸ਼ਿਆ ਹੈ । ਕਿਸੇ ਸੌਖੀ ਤੋਂ ਸੌਖੀ ਬੋਲੀ ਨੂੰ ਭੀ ਸਾਰਿਆਂ ਪੱਖਾਂ ਤੋਂ ਸਹੀ ਰੂਪ ਵਿਚ ਸਮਝਣ ਵਾਸਤੇ ਮਿਹਨਤ ਦਰਕਾਰ ਹੁੰਦੀ ਹੈ । ਫਿਰ ਸਰਬ-ਸਾਂਝੀ ਗੁਰਬਾਣੀ ਨੂੰ ਸਮਝਣ ਲਈ ਤਾਂ ਵਿਸ਼ੇਸ਼ ਧਿਆਨ ਅਤੇ ਅਭਿਆਸ ਦੀ ਲੋੜ ਹੈ, ਕਿਉਂ ਜੁ ਕਾਵਿ ਰੂਪ ਵਿਚ ਹੋਣ ਕਰਕੇ ਇਸ ਵਿਚ ਹਰੇਕ ਪ੍ਰਕਾਰ ਦੀ ਭਾਸ਼ਾ, ਕਈ ਭਾਂਤ ਦੀ ਸ਼ਬਦਾਵਲੀ, ਪਿੰਗਲ ਅਤੇ ਅਲੰਕਾਰਾਂ ਦੀ ਵਰਤੋਂ ਕੀਤੀ ਗਈ ਹੈ । ਸੋ, ਅਭਿਆਸ ਦੀ ਅਣਹੋਂਦ ਕਾਰਨ ਸਾਡੇ ਪਾਠਾਂ ਦੇ ਉਚਾਰਣ ਵਿਚ ਕਈ ਘਾਟਾਂ ਆ ਗਈਆਂ ਹਨ, ਜਿਹੜੀਆਂ ਕਿ ਦਿਨ-ਬਦਿਨ ਕਿੰਤੂ ਦਾ ਕਾਰਨ ਬਣਦੀਆਂ ਜਾ ਰਹੀਆਂ ਹਨ ।

ਕਿੰਤੂ ਦੇ ਪੱਖੋਂ ਪਿਛੇ ਜਿਹੇ ਸ: ਸੰਤੋਖ ਸਿੰਘ, ਆਈ. ਏ. ਐਸ. ਚੰਡੀਗੜ੍ਹ (ਹੁਣ ਪ੍ਰਲੋਕ ਗਮਨ ਕਰ ਗਏ ਹਨ) ਨੇ 'ਜੀਵਨ ਪ੍ਰੀਤੀ' ਮਾਸਕ ਰਸਾਲੇ ਦੇ 'ਅਖੰਡ ਪਾਠ' ਅੰਕ ਵਿਚ ਪਖੰਡ ਤੋਂ ਪੜਦਾ ਚੁਕਣ ਵਾਲੀਆਂ ਕਈ ਸ਼ਲਾਘਾ ਯੋਗ ਗੱਲਾਂ ਲਿਖੀਆਂ ਸਨ, ਪਰ ਉਸ ਵਿਚ ਕੀਤੀ ਗਈ ਅਖੰਡ ਪਾਠ ਦੀ ਕਟਈ ਵਿਰੋਧਤਾ ਗੁਰਮਤਿ ਅਨੁਕੂਲ ਨਹੀਂ ਸੀ । ਚਾਹੀਦਾ ਤਾਂ ਇਹ ਸੀ ਕਿ ਇਸ ਪੱਖੋਂ ਆਈਆਂ ਤਰੁੱਟੀਆਂ ਬਾਰੇ ਠੀਕ ਸਮਾਧਾਨ ਕਰ ਕੇ ਸਹੀ ਸੇਧ ਦਿਤੀ ਜਾਂਦੀ । ਇਸੇ



www.AKJ.Org

ਤਰ੍ਹਾਂ ਸਿੱਖ ਸਮਾਜ ਵਿਚ ਮੌਜੂਦ ਆਪਣਾ ਗੁਰੂ-ਡੰਮ ਤੋਰਨ ਵਾਲੇ ਕਈ ਅਖਉਤੀ ਸੰਤ ਆਪਣੇ ਚਾਟੜਿਆਂ ਨੂੰ ਸਿਖਿਆ ਦਿੰਦੇ ਹਨ ਕਿ ਬਹੁਤਾ ਪਾਠ ਕਰਨ ਦੀ ਕੀ ਲੋੜ ਪਈ ਹੈ, ਇਕ ਅੱਖਰ ਹੀ ਬਹੁਤ ਹੁੰਦਾ ਹੈ ਅਤੇ ਉਸ ਨੂੰ ਸਮਝਣ ਤੇ ਕਮਾਉਣ ਦੀ ਲੋੜ ਹੁੰਦੀ ਹੈ। ਸਿੱਖੀ ਵਿਚ ਕਮਾਈ ਦੀ ਲੋੜ ਤਾਂ ਮੁੱਖ ਹੈ, ਪਰ ਉਨ੍ਹਾਂ ਦੀ ਇਸ ਅਧੂਰੀ ਸਿਖਿਆ ਦੇ ਫਲ-ਸਰੂਪ ਕਈ ਅਖਉਤੀ ਸਿੱਖ ਪਾਠ ਕਰਨਾ ਹੀ ਛੜ੍ਹ ਜਾਂਦੇ ਹਨ, ਜੋ ਕਿ ਆਤਮਿਕ ਜੀਵਨ ਵਿਚ ਇਕ ਪਿਛਾਂਹ-ਖਿੱਚੂ ਕਦਮ ਹੈ। ਸ਼ਬਦ-ਅਰਥ ਦੀ ਸੋਝੀ ਨ ਹੋਣ ਕਾਰਨ ਭੀ ਕਈ ਪਾਠ-ਅਲੋਚਕ ਪਾਠ ਕਰਨਾ ਪਸੰਦ ਨਹੀਂ ਕਰਦੇ। ਉਹ ਵਿਚਾਰੇ ਕਰਨ ਵੀ ਕੀ, ਜਦ ਕਿ ਬਾਣੀ ਦਾ ਬੋਧ ਨ ਹੋਣ ਕਰਕੇ ਉਹਨਾਂ ਦਾ ਮਨ ਬਾਣੀ ਵਿਚ ਟਿਕਦਾ ਹੀ ਨਹੀਂ। ਮਨ ਨੂੰ ਟਿਕਾਉਣ ਵਾਸਤੇ ਗਿਆਨ ਦੀ ਲੋੜ ਹੁੰਦੀ ਹੈ :—

ਗਿਆਨੈ ਕਾਰਨ ਕਰਮ ਅਭਿਆਸੁ ॥

ਭਗਤ ਰਵਿਦਾਸ ਜੀ, ਪੰਨਾ ੧੧੬੭

ਮਨ ਸਮਝਾਵਨ ਕਾਰਨੇ
ਕਛੂਅਕ ਪੜੀਐ ਗਿਆਨ ॥ (ਪੰ: ੩੪੦)

ਗਿਆਨ ਦੀ ਪਹਿਲੀ ਪਉੜੀ ਸ਼ਰਧਾ ਹੈ, ਭਾਵਨਾ ਹੈ। ਭਾਵਨੀ ਸਹਿਤ ਪਾਠ ਕਰਨ ਨਾਲ ਹੀ ਅਗਵਾਈ ਪ੍ਰਾਪਤ ਹੁੰਦੀ ਹੈ। ਗੁਰਬਾਣੀ ਦੀ ਪਾਰਸ-ਕਲਾ ਦਾ ਰੰਗ ਪ੍ਰਾਪਤ ਕਰਨ ਲਈ ਚਿਤ ਦੀ ਸਾਵਧਾਨਤਾ ਅਤੇ ਮਨ ਦੀ ਇਕਾਗਰਤਾ ਅਤੀ ਹੀ ਜ਼ਰੂਰੀ ਹੈ, ਤਾਂ ਹੀ ਆਪਣਾ ਅਤੇ ਸ੍ਰੋਤੇ ਦਾ ਮਨ ਗੁਰਬਾਣੀ ਦੇ ਪ੍ਰਭਾਵ ਨੂੰ ਕਬੂਲਦਾ ਹੈ। ਇਸੇ ਲਈ ਗੁਰ ਉਪਦੇਸ਼ ਹੈ :—

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥
ਸਾਵਧਾਨ ਏਕਾਗਰ ਚੀਤ ॥

ਸੁਖਮਨੀ ਸਾਹਿਬ, ਪੰ: ੨੯੫

ਸੋ ਜਿੰਨਾ ਵੀ ਪਾਠ ਕਰਨਾ, ਸੁਣਨਾ ਹੋਵੇ, ਪਿਆਰ ਸ਼ਰਧਾ ਭਾਵਨੀ ਸਹਿਤ ਹੀ ਲਾਭਦਾਇਕ ਹੋ ਸਕਦਾ ਹੈ। ਇਸ ਤਰ੍ਹਾਂ ਅਸਰ ਕਬੂਲਦਾ ਕਬੂਲਦਾ 'ਗੁਰ ਕਹੈ ਸੁ ਕਾਰ ਕਮਾਇ ਜੀਉ' (ਪੰ: ੭੬੩) ਦਾ ਧਾਰਨੀ ਹੋ ਕੇ ਆਤਮ-ਰਸੀਆ ਬਣੀਦਾ ਹੈ ਅਤੇ ਗੁਰਬਾਣੀ ਦੀ ਠੀਕ ਸੋਝੀ ਪ੍ਰਾਪਤ ਹੁੰਦੀ ਹੈ.। ਗੁਰਬਾਣੀ ਸਾਡੇ ਪਿਉ ਦਾਦੇ ਦਾ ਅਖੁੱਟ ਖਜ਼ਾਨਾ ਹੈ, ਪਰ "ਬਾਣੀ ਬਿਰਲਉ ਵੀਚਾਰਸੀ, ਜੇ ਕੋ ਗੁਰਮੁਖਿ ਹੋਇ" (ਪੰ: ੯੩੫) ਦੇ ਮਹਾਂਵਾਕ ਅਨੁਸਾਰ ਗੁਰਬਾਣੀ ਦੀ ਵੀਚਾਰ ਵੀ ਬਹੁਤ ਲਾਜ਼ਮੀ ਹੈ। ਇਸ ਵੀਚਾਰ ਦਾ ਅਨਿਖੜਵਾਂ ਅੰਗ ਸੁਧ ਪਠਨ-ਪਾਠਨ ਅਤੇ ਅਤੇ ਅਰਥ-ਬੋਧ ਹੈ। ਇਸ ਅੰਗ ਦੀ ਕਿੰਨੀ ਕੁ ਮਹੱਤਤਾ ਹੈ, ਇਸ ਦਾ ਅਨੁਮਾਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਤਿਸ਼ਾਹ ਦੇ ਸਮੇਂ ਹੋਈ ਭਾਈ ਦਿਆਲ ਜੀ ਦੀ ਸਾਖੀ ਤੋਂ ਭਲੀ-ਭਾਂਤਿ ਲਾਇਆ ਜਾ ਸਕਦਾ ਹੈ।

ਇਸ ਲਈ ਗੁਰਬਾਣੀ ਦਾ ਸੁਧ ਪਠਨ-ਪਾਠਨ ਵੀ ਇਕ ਸੱਚਾ ਵਣਜ ਹੈ। ਜਿਸ ਕਿਸੇ ਨੂੰ ਵੀ ਇਸ ਮਾਣਸ ਜਨਮ ਦੀ ਦੁਰਲਭਤਾ ਦੀ ਕਦਰ ਹੈ, ਉਹ ਗੁਰਬਾਣੀ ਦੇ ਹਰੇਕ ਅੰਗ ਰਾਹੀਂ ਮਨ ਨੂੰ ਸਮ-ਝਾਉਣ ਦਾ ਉਪਰਾਲਾ ਕਰਦਾ ਹੈ। ਉਹ ਕੇਵਲ ਗੁਰਦੁਆਰੇ ਦੀ ਹੱਦ ਅੰਦਰ ਹੀ ਨਹੀਂ, ਸਗੋਂ ਬਾਹਰ ਘਰ ਹਰ ਥਾਂ ਹਰ ਸਮੇਂ ਮਨ ਉਤੇ ਗੁਰਬਾਣੀ ਦੇ ਗਿਆਨ-ਖੜਗ ਰਾਹੀਂ ਪਹਿਰਾ ਦੇ ਕੇ ਮਨ ਨੂੰ ਗੁਰਬਾਣੀ ਨਾਲ ਪਿਉਂਦ ਕਰ ਲੈਂਦਾ ਹੈ। ਦੁਨਿ-ਆਵੀ ਵਿਦਿਆ ਦੀ ਪਹਿਲੀ ਸ਼੍ਰੇਣੀ ਦੀ ਪੜ੍ਹਾਈ ਸੌਖੀ ਹੈ ਤੇ ਅਗਲੀਆਂ ਜਮਾਤਾਂ ਦੀ ਪੜ੍ਹਾਈ ਔਖੀ ਹੁੰਦੀ ਚਲੀ ਜਾਂਦੀ ਹੈ। ਪਰ ਧਾਰਮਕ ਖੇਤਰ ਵਿਚ ਗੁਰਬਾਣੀ ਅਨੁਸਾਰ ਅਰੰਭਕ ਪੜ੍ਹਾਈ ਹੀ ਔਖੀ ਜਾਪਦੀ ਹੈ, ਕਿਉਂਜੁ ਹਰ ਰੋਜ਼ ਅੰਮ੍ਰਿਤ ਵੇਲੇ ਜਾਗਣਾ ਪੈਂਦਾ ਹੈ, ਸਤਿਸੰਗਤ ਕਰਨੀ ਅਤੇ ਗੁਰੂ ਦੇ ਦਸੇ ਉਪਦੇਸ਼ਾਂ ਅਨੁਸਾਰ ਜੀਵਨ ਢਾਲਣਾ ਪੈਂਦਾ ਹੈ। ਪਰ ਇਹ ਗੱਲ ਚੇਤੇ ਰਖਣੀ ਚਾਹੀਦੀ ਹੈ ਕਿ ਇਸ ਗਾਡੀ-ਰਾਹ ਤੇ ਚਲਦਿਆਂ ਸਹਿਜੇ ਸਹਿਜੇ ਜੀਵਨ ਅਵਸਥਾ ਵਿਚ ਤਬਦੀਲੀ ਆਉਣ ਨਾਲ ਅਗਲੀ ਪੜ੍ਹਾਈ ਸੁਤੇ ਹੀ ਸੌਖੀ ਹੁੰਦੀ ਚਲੀ ਜਾਂਦੀ ਹੈ। ਗੁਰਮਤਿ ਦੀ ਡੂੰਘਾਈ ਵਿਚ ਜਾਣ ਨਾਲ ਪਤਾ ਲਗਦਾ ਹੈ ਕਿ ਗੁਰਬਾਣੀ ਦਾ ਪਾਠ ਭਾਵੇਂ ਸੌਖਾ



www.AKJ.Org

ਹੈ, ਪਰ ਇਸ ਦੀ ਸੋਝੀ ਅਥਵਾ ਪਛਾਣ ਬਹੁਤ ਔਖੀ ਤੇ ਸੂਖਮ (ਬਾਰੀਕ) ਹੈ। ਗੁਰੂ-ਪਾਂਧੇ (ਅਧਿ-ਆਪਕ) ਨਾਲ ਲਗਾਤਾਰ ਚਿੱਤ ਜੋੜੀ ਰੱਖਣ ਨਾਲ ਗੁਰਬਾਣੀ ਨੂੰ ਸਮਝਣਾ ਔਖਾ ਨਹੀਂ ਭਾਸਦਾ, ਸਗੋਂ ਸੌਖਾ ਹੋ ਜਾਂਦਾ ਹੈ, ਜਿਵੇ ਗੁਰਵਾਕ 'ਸਾਗਰ ਤਰਿਓ ਬਾਛਰ ਖੋਜ'। (ਪੰਨਾ ੮੬੯)

ਸਿੱਖ ਜਗਤ ਦੇ ਸੰਪ੍ਰਦਾਈ ਵਿਦਵਾਨਾਂ ਵਿਚ ਇਹ ਗੱਲ ਪ੍ਰਚਲਤ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਭਾ: ਸਾਹਿਬ ਮਨੀ ਸਿੰਘ ਜੀ ਨੇ ਗੁਰਬਾਣੀ ਦੇ ਅਰਥ ਸਿੱਖ ਕੇ ਅਗੋਂ ਗੁਰਬਾਣੀ-ਅਰਥਾਂ ਦੀ ਟਕਸਾਲ ਚਲਾਈ। ਇਹ ਵਿਚਾਰ ਕਿਸੇ ਹੱਦ ਤਕ ਠੀਕ ਹੋ ਸਕਦੇ ਹਨ, ਪਰ ਇਸ ਦਾ ਇਹ ਭਾਵ ਨਹੀਂ ਕਿ ਦਸਮ ਪਾਤਿਸ਼ਾਹ ਜੀ ਤੋਂ ਪਹਿਲਾਂ ਕੋਈ ਗੁਰਸਿੱਖ ਗੁਰਬਾਣੀ ਦੇ ਅਰਥ ਜਾਣਦਾ ਹੀ ਨਹੀਂ ਸੀ, ਕਿਉਂਕਿ ਭਾਈ ਮਨੀ ਸਿੰਘ ਜੀ ਹੀ 'ਸਿਖਾਂ ਦੀ ਭਗਤ ਮਾਲ' ਵਿਚ ਪਹਿਲੀ ਪਾਤਸ਼ਾਹੀ ਦੇ ਸਮੇਂ ਦੇ ਸਿੱਖਾਂ ਦਾ ਵਰਨਣ ਕਰਦੇ ਹੋਏ ਸਪੱਸ਼ਟ ਲਿਖਦੇ ਹਨ—"ਭਾਈ ਮਾਲੋ ਤੇ ਮਾਂਗਾ ਬਾਣੀ ਕੀਰਤਨ ਤੇ ਕਥਾ ਰਸਨਾ ਨਾਲਿ ਕਰਦੇ ਸਨ"। ਫਿਰ ਆਪ ਭਾਈ ਸਾਹਿਬ ਭਾ: ਗੁਰਦਾਸ ਜੀ ਦੀ ਰਚਿਤ ਵਾਰ ਦੀ ੧੬ਵੀਂ ਪਉੜੀ ਦੀ ਦੂਜੀ ਪੰਕਤੀ—"ਰਾਮੂ ਦੀਪਾ ਉਗ੍ਰਸੈਣੋ, ਨਾਗਉਰੀ ਗੁਰ ਸਬਦ ਵੀਚਾਰੀ" ਦੀ ਵਿਆਖ੍ਯਾ ਕਰਦੇ ਹੋਏ ਲਿਖਦੇ ਹਨ ਕਿ—"ਬਹੁਰੋ ਰਾਮੂ ਤੇ ਦੀਪਾ ਤੇ ਉਗ੍ਰਸੈਣ ਤੇ ਨਗਉਰੀ ਆਇ ਚਰਨੀ ਲਗੇ, ਤਾਂ ਉਨ੍ਹਾਂ ਨੂੰ ਬਚਨ ਹੋਇਆ ਤੁਸਾਂ ਆਇ ਸਿਖਾਂ ਦੀ ਸੇਵਾ ਕਰਨੀ ਤੇ ਚਾਰ ਘੜੀਆਂ ਅੰਮ੍ਰਿਤ ਵੇਲੇ ਬੈਠ ਕੇ ਗੁਰੂ ਕੇ ਸ਼ਬਦ ਦੀ ਵੀਚਾਰ ਕਰਨਾ, ਜਿਉਂ ਬੇੜੀ ਬੋਝ ਨਾਲ ਭਾਰੀ ਹੋਂਦੀ ਹੈ ਤੇ ਚਾਰ ਉਂਗਲੀਆਂ ਬਾਹਰਿ ਰਹਿੰਦੀ ਹੈ ਤਾਂ ਸਭਨਾਂ ਨੂੰ ਪਾਰ ਉਤਾਰਦੀ ਹੈ। ਜਉ ਅਠੇ ਪਹਿਰ ਆਪਣੇ ਘਰ ਦੇ ਕੰਮ ਕਰੀਦੇ ਹੈਨਿ ਤੇ ਚਾਰ ਘੜੀਆਂ ਗੁਰਾਂ ਦੀ ਬਾਣੀ ਵੀਚਾਰੀਦੀ ਹੈ ਤਾਂ ਗੁਰੂ ਸਭ ਕੰਮ ਸਵਾਰਦਾ ਹੈ' (ਪੰਨਾ ੬੫)।

ਇਨ੍ਹਾਂ ਪ੍ਰਮਾਣਾਂ ਦੇ ਹੁੰਦਿਆਂ ਇਹ ਗੱਲ ਨਿਰ-ਸੰਦੇਹ ਤੇ ਸਪੱਸ਼ਟ ਹੈ ਕਿ ਗੁਰਬਾਣੀ ਵੀਚਾਰ ਦਾ ਮੁੱਢ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਵਿਚ ਹੀ ਬੱਝ ਚੁਕਾ ਸੀ।

ਵਰਤਮਾਨ ਸਮੇ ਵਿੱਚ ਗੁਰਬਾਣੀ ਦੇ ਅਰਥਾਂ ਦੀਆਂ ਦੋ ਟਕਸਾਲਾਂ ਆਪਣੇ ਆਪ ਨੂੰ ਪ੍ਰਮਾਣੀਕ ਸਿੱਧ ਕਰਦੀਆਂ ਹਨ-ਇਕ ਅੰਮ੍ਰਿਤਸਰ ਵਾਲੀ ਅਤੇ ਦੂਜੀ ਭਿੰਡਰਾਂ ਵਾਲੀ। ਭਿੰਡਰਾਂ ਵਾਲੀ ਦੇ ਵੀ ਹੁਣ ਅੱਗੋਂ ਦੋ ਜਥੇ ਬਣ ਗਏ ਹਨ। ਪਰ ਸੱਚਾਈ ਇਹ ਹੈ ਕਿ ਟਕਸਾਲ ਕੇਵਲ ਇਕ ਹੁੰਦੀ ਹੈ। ਇਨ੍ਹਾਂ ਦੋ ਜਥਿਆਂ ਨੇ ਵੀ ਗੁਰਬਾਣੀ ਦੇ ਪਾਠ ਅਤੇ ਵੀਚਾਰ-ਖੇਤਰ ਵਿੱਚ ਚੋਖਾ ਹਿੱਸਾ ਪਾਇਆ ਹੈ ਅਤੇ ਪਾ ਰਹੇ ਹਨ। ਇਹ ਅਤੀ ਸ਼ਲਾਘਾ ਦੇ ਪਾਤਰ ਹਨ, ਪਰ ਇਨ੍ਹਾਂ ਦੀ ਅਪਣਾਈ ਅਤੇ ਸਿਖਲਾਈ ਅਰਥ-ਬਿਧੀ "ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥ (ਪੰਨਾ ੬੪੬) ਉਤੇ ਆਧਾਰਤ ਨਹੀਂ ਆਖੀ ਜਾ ਸਕਦੀ, ਕਿਉਂਕਿ ਉਹ ਇਕ ਪੰਕਤੀ ਦੇ ਕਈ ਕਈ ਅਰਥ ਕਰਦੇ ਹਨ, ਜੋ ਕਿ ਅਜੋਕੇ ਵਿਗਿਆਨਕ ਖਜੀਆਂ, ਸੁਘੜ ਸ੍ਰੋਤਿਆਂ ਦੇ ਵਾਤਾ-ਵਰਨ ਵਿੱਚ ਮਹੱਤਵਪੂਰਨ ਥਾਂ ਨਹੀਂ ਰੱਖਦੇ। ਜੇ ਕਿਸੇ ਸੰਪ੍ਰਦਾਈ ਵਿਦਵਾਨ ਤੋਂ ਕਿਸੇ ਪੰਕਤੀ ਦੇ ਅਰਥ-ਨਿਰਣੇ ਬਾਰੇ ਪੁੱਛ ਕੀਤੀ ਜਾਏ ਤਾਂ ਉਹ ਇਹੋ ਉਤਰ ਦਿੰਦੇ ਹਨ ਕਿ "ਸਾਡੇ ਸੰਤਾਂ ਨੇ ਤਾਂ ਸਾਨੂੰ ਇਹੋ ਪਾਠ-ਅਰਥ ਸਿਖਾਏ ਹਨ ਅਤੇ ਅਸੀਂ ਇਨ੍ਹਾਂ ਤੋਂ ਸਿਵਾਇ ਕਿਸੇ ਵਿਆਕਰਣਾ ਵਾਲੇ ਨਹੀਂ ਮੰਨਦੇ।" ਇਸ ਉਤਰ ਨਾਲ ਕਿਸੇ ਨਵੀਨ ਪਾਠਕ ਦੀ ਤਸੱਲੀ ਨਹੀਂ ਹੋ ਸਕਦੀ। ਕੁਝ ਵੀ ਹੋਵੇ, ਪੁਰਾਤਨ ਅਰਥ ਨਵੀਨ ਟੀਕਾਕਾਰਾਂ ਅਤੇ ਨਿਰਣੈਕਾਰਾਂ ਨੂੰ ਇਕ ਅਰਥ ਅਪਣਾਉਣ ਦੀ ਸੇਧ ਦੇਣ ਵਿੱਚ ਕਾਫ਼ੀ ਸਹਾਇਕ ਹੁੰਦੇ ਹਨ।

ਗੁਰਬਾਣੀ ਦੇ ਸੰਜੋਗ-ਆਤਮਕ ਸ਼ਬਦਾਂ ਦਾ ਸਹੀ ਪਦ-ਛੇਦ ਅਤੇ ਸਹੀ ਬਿਸਰਾਮ ਚਿੰਨ੍ਹਾਂ ਦਾ ਗਿਆਨ ਗੁਰਬਾਣੀ ਦੇ ਸ਼ੁੱਧ ਉਚਾਰਨ, ਵਿਆਕਰਣ ਦੇ ਨੇਮਾਂ ਅਤੇ ਅਰਥਾਂ ਦੀ ਜਾਣਕਾਰੀ ਤੋਂ ਬਿਨਾਂ ਨਹੀਂ ਹੋ ਸਕਦਾ। ਗੁਰਬਾਣੀ ਦੇ ਸ਼ੁੱਧ ਪਾਠ ਦਾ


www.AKJ.Org

ਅਭਿਆਸ ਹਰ ਰੋਜ਼ ਪਕਾਉਣਾ ਚਾਹੀਦਾ ਹੈ, ਪਰ ਮੁੱਖ-ਮੰਤਵ ਨਿਰਾ ਪਾਠ-ਰਟਨ ਹੀ ਨਹੀਂ ਹੋਣਾ ਚਾਹੀਦਾ, ਸ਼ਬਦ-ਵੀਚਾਰ ਨੂੰ ਹਿਰਦੇ ਅੰਦਰ ਵਸਾਉਣਾ ਲਾਜ਼ਮੀ ਹੈ, ਕਿਉਂਕਿ ਇਸ ਤੋਂ ਬਿਨਾਂ ਸਾਡਾ ਵਿਚਾਰ ਤੇ ਆਚਾਰ ਮਨਮੁਖਾਂ ਵਾਲਾ ਸਾਬਤ ਹੋਵੇਗਾ। ਗੁਰਬਾਣੀ ਮੁਹਰ ਲਾਉਂਦੀ ਹੈ–"ਨਾਮੁ ਨ ਚੇਤਹਿ, ਸਬਦੁ ਨ ਵੀਚਾਰਹਿ, ਇਹੁ ਮਨਮੁਖ ਕਾ ਆਚਾਰੁ॥ ਪੰਨਾ ੫੦੯ (ਹੋਰ ਵੇਖੋ ਪੰ: ੮੫੨)

ਇਸ ਵਿੱਚ ਸੰਦੇਹ ਨਹੀਂ ਕਿ ਅਸੀਂ ਆਪਣੇ ਬੱਚੇ ਬੱਚੀਆਂ ਨੂੰ ਗੁਰਬਾਣੀ ਦਾ ਸ਼ੁੱਧ ਪਾਠ ਕਰਨ ਦੀ ਪ੍ਰੇਰਨਾ ਕਰਦੇ ਰਹਿੰਦੇ ਹਾਂ, ਪਰ ਉਹ ਪ੍ਰਭਾਵ-ਸਾਲੀ ਢੰਗ ਨਾਲ ਨ ਹੋਣ ਕਾਰਨ ਬਹੁਤੀ ਪ੍ਰਬਲ ਨਹੀਂ ਹੁੰਦੀ। ਪਾਠ-ਸੰਥਿਆ-ਪੋਥੀਆਂ, ਜਿਨ੍ਹਾਂ ਵਿੱਚ ਕਿ ਪਾਠਾਂ ਦਾ ਨਿਰਣਾਤਮਕ ਸਰੂਪ ਨਿਸਚਿਤ ਹੋਵੇ, ਦੀ ਅਣਹੋਂਦ ਕਾਰਨ ਮਨੋ-ਕਲਪਤ ਪਾਠਾਂ ਦਾ ਉਚਾਰਨ ਅਤੇ ਅਰਥਾਂ ਵਿੱਚ ਵਾਧਾ ਹੋ ਰਿਹਾ ਹੈ। ਗੁਰਬਾਣੀ ਦੇ ਸ਼ੁੱਧ ਅਤੇ ਅਸ਼ੁੱਧ ਉਚਾਰਨਾਂ ਬਾਰੇ ਕਈ ਵਾਰੀ ਪ੍ਰੇਮੀ ਪਾਠਕਾਂ, ਕੇਵਲ ਉਦਰ-ਪੂਰਤੀ ਦਾ ਸਾਧਨ ਬਣਾਉਣ ਵਾਲੇ ਪਾਠੀ ਸਿੰਘਾਂ, ਗ੍ਰੰਥੀ ਸਿੰਘਾਂ ਅਤੇ ਕਥਾਕਾਰਾਂ ਵਿੱਚ ਵਾਦ-ਵਿਵਾਦ ਚਲਦਾ ਰਹਿੰਦਾ ਹੈ। ਉਹ ਇਕ ਦੂਜੇ ਨਾਲ ਸਹਿਮਤ ਨਹੀਂ ਹੁੰਦੇ, ਹਰ ਕੋਈ ਆਪਣਾ ਪੱਖ ਠੀਕ ਸਿੱਧ ਕਰਨ ਦਾ ਜਤਨ ਕਰਦਾ ਹੈ। ਸਿੱਟਾ ਇਹ ਨਿਕਲਦਾ ਹੈ ਕਿ ਕਿਸੇ ਨਿਰਣੇ ਤੇ ਨਹੀਂ ਪਹੁੰਚਦੇ ਅਤੇ ਆਪਿਸ ਵਿੱਚ ਟੋਕਾ-ਟਾਕੀ ਕਰਦੇ ਰਹਿੰਦੇ ਹਨ।

ਹੁਣ ਤੱਕ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਜਾਬੀ ਭਾਸ਼ਾ ਵਿੱਚ ਸੰਪੂਰਣ ਰੂਪ ਵਿੱਚ ਹੇਠ ਲਿਖੇ ਵਿਦਵਾਨਾਂ ਨੇ ਸਟੀਕ ਤਿਆਰ ਕੀਤੇ ਹਨ :–

੧. ਗਿਆਨੀ ਬਦਨ ਸਿੰਘ ਜੀ (ਫਰੀਦਕੋਟ ਸਟੀਕ)।
੨. " ਅਮੀਰ ਸਿੰਘ ਜੀ (ਸਤੋਵਾਲੀ ਗਲੀ ਅੰਮ੍ਰਿਤਸਰ ਵਾਲੇ)।
੩. ਗਿਆਨੀ ਬਿਸ਼ਨ ਸਿੰਘ ਜੀ (ਲਖੂਵਾਲ ਵਾਲੇ)।
੪. ਪੰਡਿਤ ਨਰੈਣ ਸਿੰਘ ਜੀ (ਮੁਜ਼ੰਗਾਂ ਵਾਲੇ)।
੫. ਪ੍ਰੋ: ਸਾਹਿਬ ਸਿੰਘ ਜੀ।

ਇਨ੍ਹਾਂ ਤੋਂ ਇਲਾਵਾ ਇਕ ਸਟੀਕ ਗਿ: ਨਿਹਾਲ ਸਿੰਘ ਜੀ ਸੂਰੀ ਨੇ ਕੀਤਾ ਸੀ, ਜੋ ਅਪੂਰਨ ਰੂਪ ਵਿਚ ਹੈ ਅਤੇ ਦੂਜਾ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ 'ਸੰਥਯਾ ਪੋਥੀ' ਰੂਪ ਵਿਚ ਸੋਰਠ ਰਾਗ ਪੰਨਾ ੬੦੭ ਤਕ ਕੀਤਾ ਹੈ। ਭਾਵੇਂ ਭਗਤ-ਬਾਣੀ ਅਤੇ ਹੋਰ ਵੱਖ ਵੱਖ ਬਾਣੀਆਂ ਦੇ ਕਈ ਪੁਰਾਤਨ ਅਤੇ ਨਵੀਨ ਟੀਕੇ ਉਪਲਬਧ ਹਨ, ਪਰ ਸ਼ੁੱਧ ਉਚਾਰਣ (ਬਿੰਦੇ ਸਹਿਤ, ਬਿੰਦੇ ਰਹਿਤ, ਬਿਸਰਾਮ ਆਦਿ) ਦੇ ਪੱਖ ਨੂੰ ਵਿਸ਼ੇਸ਼ ਤੌਰ ਤੇ ਕਿਸੇ ਟੀਕਾਕਾਰ ਨੇ ਨਹੀਂ ਛੁਹਿਆ। ਉਂਜ ਵੇਖਿਆ ਜਾਏ ਤਾਂ ਪੁਰਾਤਨ ਅਤੇ ਨਵੀਨ ਟੀਕਿਆਂ ਦੇ ਅਰਥਾਂ ਵਿਚ ਕੋਈ ਵੱਡਾ ਭੇਦ ਨਹੀਂ, ਕੇਵਲ ਬੋਲੀ, ਸ਼ੈਲੀ ਅਤੇ ਲਿਖਣ-ਢੰਗ ਵਿਚ ਫ਼ਰਕ ਹੈ। ਪੁਰਾਤਨ ਟੀਕੇ ਭਾਸ਼ਾਈ ਸ਼ਬਦਾਵਲੀ ਦੇ ਪੱਖੋਂ ਜ਼ਰਾ ਔਖੇ ਹਨ ਅਤੇ ਨਵੀਨ ਸਰਲ ਤੇ ਸੌਖੇ ਹਨ। ਹਾਂ, ਇਸ ਖੇਤਰ ਵਿਚ ਵਿਆ-ਕਰਣਕ ਨੇਮਾਂ ਦੇ ਅਧਾਰ ਤੇ ਜੋ ਕੋਈ ਕੰਮ ਹੋਇਆ ਹੈ ਤਾਂ ਉਹ 'ਸ਼ਬਦਾਰਥ' (ਚਾਰ ਪੋਥੀਆਂ), 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਅਤੇ 'ਸੰਥਯਾ ਪ੍ਰੋਥੀਆਂ' ਹਨ। ਸ਼ਬਦ ਸਰੂਪਾਂ ਦੀ ਇਕਸਾਰਤਾ ਦੀ ਅਣਹੋਂਦ ਕਾਰਨ ਇਹਨਾਂ ਤਿੰਨਾਂ ਟੀਕਿਆਂ ਦੇ ਅਰਥਾਂ ਵਿਚ ਵੀ ਕਈ ਥਾਵਾਂ ਤੇ ਡੂੰਘਾ ਮਤਭੇਦ ਹੈ।

ਸ਼ੁੱਧ ਤੇ ਅਸ਼ੁੱਧ ਪਾਠਾਂ ਦਾ ਨਿਰਣਾ ਆਮ ਪਾਠਕ ਨਹੀਂ ਕਰ ਸਕਦੇ। ਜੁੜਤ ਸ਼ਬਦਾਂ ਨੂੰ ਵਿਦਵਾਨ੍ਹਾਂ ਨੇ ਆਪੋ ਆਪਣੀ ਬੁਧੀ ਅਨੁਸਾਰ ਪਦ-ਛੇਦ ਕੀਤਾ ਹੈ। ਜੇ 'ਸ਼ਬਦਾਰਥ' ਵਰਗੇ ਬੁੱਧੀ-ਜੀਵੀਆਂ ਦਾ ਇਕ ਹੋਰ ਸਮੂਹ ਅਜਿਹਾ ਕੰਮ ਵਿਆਖਿਆ ਦੇ ਰੂਪ ਵਿਚ ਕਰ ਜਾਂਦਾ ਤਾਂ ਹੁਣ ਤੀਕ ਅਸੀਂ ਖੋਜ-ਖੇਤਰ ਵਿਚ ਬਹੁਤ ਅੱਗੇ ਵਧ ਜਾਣਾ ਸੀ, ਪਰ ਅਜਿਹਾ ਕਠਨ ਕਾਰਜ ਗੁਰੂ ਪਾਤਸ਼ਾਹ ਦੀ ਬਖਸ਼ਿਸ਼ ਮੰਗਦਾ ਹੈ। ਪਾਠ-ਭੇਦਾਂ ਦੇ ਸਬੰਧ ਵਿਚ ਪਿਛੇ ਹੋਏ ਕੰਮ ਤੇ ਨਜ਼ਰ ਮਾਰਿਆਂ ਪਤਾ ਲਗਦਾ ਹੈ ਕਿ 'ਕਠਨ ਪਾਠਾਂ ਦੀ ਕੁੰਜੀ' ਅਤੇ 'ਪਾਠ-ਭੇਦ' ਇਤਿਆਦਿਕ ਕੁਝ ਕੁ ਪੁਸਤਕਾਂ ਹੋਂਦ ਵਿਚ ਆਈਆਂ, ਪਰ ਅਧੂਰੇ ਰੂਪ ਵਿਚ ਹੀ। ਸਭ



www.AKJ.Org

ਤੋਂ ਪਹਿਲਾਂ ਜੋ ਪਾਠ ਬਿਸਰਾਮਾਂ ਦੇ ਖੇਤਰ ਵਿਚ ਕਿਸੇ ਨੇ ਕੰਮ ਕੀਤਾ ਹੈ ਤਾਂ ਉਹ ਹਨ ਸ੍ਰੀਮਾਨ ਸੰਤ ਨਰਾਇਣ ਸਿੰਘ ਜੀ ਤਪੱਸਵੀ ਡੇਰਾ ਸੇਖਵਾਂ ਨਿਰਮਲ ਵਿਰੱਕਤ ਕੁਟੀਆ ਕਨਖਲ, ਜਿਨ੍ਹਾਂ ਨੇ ਫਰੀਦਕੋਟ ਵਾਲੇ ਸਟੀਕ, ਪੰ: ਤਾਰਾ ਸਿੰਘ ਜੀ ਨਰੋਤਮ ਦੇ ਭਗਤਬਾਣੀ ਸਟੀਕ ਅਤੇ ਕੋਸ਼ ਦੇ ਅਧਾਰ ਤੇ ਬਿਸਰਾਮ ਚਿੰਨ੍ਹਾਂ ਸਹਿਤ ਚੋਣਵੀਆਂ ਪੰਕਤੀਆਂ ਦਾ ਸੰਗ੍ਰਹਿ ੮੦ ਪੰਨਿਆਂ ਦੇ ਇਕ ਟ੍ਰੈਕਟ ਵਿਚ ਕੀਤਾ, ਜਿਸ ਦਾ ਨਾਉਂ 'ਸ੍ਰੀ ਗੁਰੂ ਗ੍ਰੰਥ ਪਾਠ ਰਤਨਾਕਰ' ਹੈ ਤੇ ਸੰਮਤ ੧੯੯੮ ਬਿ: ਅੱਸੂ ਵਦੀ ਅਮਾਵਸ ਨੂੰ ਪ੍ਰਕਾਸ਼ਤ ਕਰਵਾਇਆ ਸੀ, ਪਰ ਇਸ ਵਿਚ ਸੰਤ ਭਿੰਡਰਾਂ ਵਾਲੇ ਜੱਥੇ ਦੀ ਸੰਪਾਦਿਤ 'ਗੁਰਬਾਣੀ ਪਾਠ ਦਰਸ਼ਨ' ਪੋਥੀ ਵਾਂਗ ਕਈ ਸ਼ਬਦਾਂ ਦੇ ਦੋ ਦੋ ਪਾਠ-ਸਰੂਪ ਅੰਕਿਤ ਹਨ, ਜਿਸ ਦਾ ਮੰਤਵ ਇਹ ਨਿਕਲਦਾ ਹੈ ਕਿ ਪਾਠੀ ਆਪਣੀ ਇੱਛਾਨੁਸਾਰ ਸ਼ੁੱਧ ਪਾਠ ਦੀ ਚੋਣ ਕਰ ਲੈਣ। ਸੱਚ ਜਾਣੋ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੱਥ-ਲਿਖਤੀ ਅਤੇ ਛਾਪੇ ਦੇ ਬਹੁਤੇ ਉਤਾਰੇ ਹੀ ਸ਼ਬਦ-ਸਰੂਪਾਂ ਨੂੰ ਵਿਗਾੜਨ ਦਾ ਕਾਰਨ ਬਣੇ ਹਨ, ਕਿਉਂਕਿ ਜਿਸ ਲਿਖਾਰੀ ਪਾਸੋਂ ਜਾ ਪਰੂਫ ਪੜ੍ਹਨ ਵੇਲੇ ਜਿਸ ਲਗ-ਮਾਤਰ ਦੀ ਉਕਾਈ ਰਹਿ ਗਈ, ਉਹ ਅੱਗੇ ਤੋਂ ਅੱਗੇ ਉਸ ਰੂਪ ਵਿਚ ਨਕਲ ਹੁੰਦੀ ਚਲੀ ਗਈ। ਇਸੇ ਤਰ੍ਹਾਂ ਭਾਂਤ ਭਾਂਤ ਦੇ ਪਾਠ-ਉਚਾਰਨ ਸੁਣ ਕੇ ਵੀ ਪਾਠਕਾਂ ਦੇ ਦਿਲਾਂ ਵਿਚ ਅਸ਼ੁਧ ਉਚਾਰਨਾਂ ਅਤੇ ਸ਼ੰਕਾਵਾਦੀ ਅਰਥਾਂ ਦਾ ਸੰਗ੍ਰਹਿ ਜਿਹਾ ਬਣ ਗਿਆ ਹੈ। ਭਲਾ ਹੋਵੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਕਮੇਟੀ ਦਾ, ਜਿਸ ਨੇ ਸ੍ਰੀ ਗੁਰੂ ਗ੍ਰੰਥ ਵਿਚਾਰ ਸਮੇਲਨ ਰੱਖ ਕੇ ਸਿੱਖ ਕੌਮ ਵਿਚ ਜਾਗ੍ਰਤੀ ਪੈਦਾ ਕੀਤੀ ਅਤੇ ਗੁਰਬਾਣੀ ਦੇ ਸ਼ੁਧ ਉਚਾਰਨਾਂ ਅਤੇ ਅਰਥ-ਵੀਚਾਰ ਵੱਲ ਧਿਆਨ ਦਿਵਾਇਆ। ਪ੍ਰੰਤੂ ਜਥੇਬੰਦਕ ਤੌਰ ਤੇ ਪਾਠਾਂ ਨੂੰ ਅੰਤਮ ਰੂਪ ਦੇਣ ਅਤੇ ਉਨ੍ਹਾਂ ਦੀ ਪ੍ਰਵਾਨਗੀ ਲੈਣ ਤੇ ਕਈ ਵਰ੍ਹੇ ਲਗਣਗੇ, ਕਿਉਂਕਿ ਇਹ ਇਤਨਾ ਸੌਖਾ ਕੰਮ ਨਹੀਂ ਜੋ ਵਿਦਵਾਨਾਂ ਦੀਆਂ ਇਕ ਦੋ ਬੈਠਕਾਂ ਨਾਲ ਹੀ ਨੇਪਰੇ ਚੜ੍ਹ ਸਕੇ। ਸਗੋਂ ਇਸ ਮਹਾਨ ਕਾਰਜ ਹਿਤ ਤਾਂ ਇਕ ਵਿਸ਼ੇਸ਼ ਟੀਮ ਰਾਹੀਂ ਪ੍ਰਾਜੈਕਟ ਅਰੰਭਿਆ ਜਾਣਾ ਚਾਹੀਦਾ ਹੈ।

ਪਾਠ ਕਰਨ ਵੇਲੇ ਸਭ ਤੋਂ ਵਡੀ ਅਣਗਹਿਲੀ ਅਸੀਂ ਇਹ ਕਰਦੇ ਹਾਂ ਕਿ ਸ਼ਬਦ-ਸਰੂਪਾਂ ਨੂੰ ਚੰਗੀ ਤਰ੍ਹਾਂ ਨੀਝ ਲਾ ਕੇ ਹਿਰਦੇ ਵਿਚ ਨਹੀਂ ਟਿਕਾਉਂਦੇ। ਪੜ੍ਹਨ ਵੇਲੇ ਤਾਹੀਓਂ ਭੁਲੇਖਾ ਲਗਦਾ ਹੈ ਕਿ ਬਿੰਦੇ ਸਹਿਤ ਉਚਾਰਨ ਵਾਲੇ ਸ਼ਬਦ ਬਿੰਦੇ ਰਹਿਤ ਅਤੇ ਬਿੰਦੇ ਰਹਿਤ ਵਾਲੇ ਇਸ ਦੇ ਉਲਟ ਪੜ੍ਹ ਜਾਂਦੇ ਹਾਂ। ਅੱਧਕ-ਸਹਿਤ ਤੇ ਅੱਧਕ-ਰਹਿਤ ਸ਼ਬਦ ਉਚਾਰਨ ਸਮੇਂ ਵੀ ਸਾਡੀ ਇਹੋ ਜਿਹੀ ਦਸ਼ਾ ਹੈ, ਪਰ ਵੇਖੋ ਏਦਾਂ ਦੇ ਪਾਠ-ਉਚਾਰਨ ਨਾਲ ਅਰਥਾਂ ਵਿਚ ਕਿਤਨਾ ਫਰਕ ਪੈਂਦਾ ਹੈ :—

| ਬਿੰਦੇ ਰਹਿਤ | ਬਿੰਦੇ ਸਹਿਤ |
|---|---|
| ਮੋਰੀ (ਗਲੀ, ਛੇਕ) | ਮੋਰੀਂ (ਮੋਰਾਂ ਨੇ)। |
| ਸਾਈ (ਉਹ—ਇਸਤ੍ਰੀ ਲਿੰਗ ) | ਸਾਈਂ (ਮਾਲਕ)। |
| ਗਲੀ (ਕੂਚਾ) | ਗਲੀਂ (ਗੱਲਾਂ ਨਾਲ)। |
| ਪੰਡਿਤਾ (ਹੇ ਪੰਡਿਤ ! ਸੰਬੋਧਨ) | ਪੰਡਿਤਾਂ (ਪੰਡਤਾਂ ਨੇ, ਨੂੰ। ਬਹੁਵਚਨ)। |
| ਜਾਉ (ਤੁਸੀਂ ਜਾਉ—ਮਧਮ ਪੁਰਖ) | ਜਾਉਂ (ਮੈਂ ਜਾਵਾਂ—ਉਤਮ ਪੁਰਖ)। |
| ਪੁਤ੍ਰੀ (ਲੜਕੀ—ਇਸਤ੍ਰੀ ਲਿੰਗ) | ਪੁਤ੍ਰੀਂ (ਪੁਤਰਾਂ ਨੇ—ਪੁਲਿੰਗ, ਬਹੁਬਚਨ)। |
| ਸਉਦੇ (ਸਉਦੇ ਲਈ) | ਸਉਂਦੇ (ਸੌਣ ਲਗਿਆਂ)। |
| ਪਿਆਰੀ (ਚੰਗੀ ਲਗੇ) | ਪਿਆਰੀਂ (ਮੈਂ ਪਿਆਰ ਕਰਾਂ)। |
| ਪਿਆਰਿਆ (ਹੇ ਪਿਆਰੇ—ਸੰਬੋਧਨ) | ਪਿਆਰਿਆਂ (ਪਿਆਰਿਆਂ ਨੇ, ਵਲ—ਬਹੁਬਚਨ)। |



www.AKJ.Org

| | |
|---|---|
| ਪੂਜੀ (ਪੂਜਾ ਕੀਤੀ)। | ਪੂੰਜੀ (ਰਾਸਿ, ਮੂੜੀ)। |
| ਮੁਸਲਾ (ਮੁਸਲਮਾਨ)। | ਮੁਸ਼ੱਲਾ (ਨਿਮਾਜ਼ ਵੇਲੇ ਹੇਠ ਵਿਛਾਣ ਵਾਲੀ ਸਫ)। |
| ਫਰਕ (ਅੰਤਰ)। | ਫਰੱਕ (ਤੁਰਤ, ਇਕ ਦਮ)। |
| ਜਨ (ਦਾਸ, ਸੇਵਕ)। | ਜ਼ਨ (ਔਰਤ—ਫ਼ਾਰਸੀ ਪਦ)। |
| ਗਜ (ਹਾਥੀ)। | ਗਜ਼ (ਕਪੜਾ ਮਾਪਣ ਦਾ ਪੈਮਾਨਾ) |

ਨੋਟ :— ਪਦਵੰਡ ਤੇ ਬਿਸਰਾਮਾਂ ਵਾਲੀਆਂ ਪੰਕਤੀਆਂ ਦੇ ਪ੍ਰਮਾਣ ਇਸ ਪ੍ਰੇਰਨਾ-ਪੱਤਰ ਵਿਚ ਇਸ ਕਰਕੇ ਨਹੀਂ ਦਿਤੇ ਕਿ ਅਰਥਾਂ-ਸਹਿਤ ਨਿਰਣਾ ਕਰਨ ਨਾਲ ਅਕਾਰ ਵਧ ਜਾਣ ਦਾ ਡਰ ਸੀ। ਏਦਾਂ ਦੀ ਲੋੜੀਂਦੀ ਸਮੱਗਰੀ ਗੁਰਬਾਣੀ ਵਿਆਕਰਣ ਬੋਧ ਵਿਚ ਦਿਤੀ ਜਾਵੇਗੀ।

ਅਜਿਹੇ ਹੋਰ ਬੇਅੰਤ ਸ਼ਬਦ ਹਨ। ਇਹ ਤਾਂ ਕੇਵਲ ਵੰਨਗੀ ਮਾਤਰ ਪਾਠਕਾਂ ਨੂੰ ਸੁਚੇਤ ਰੱਖਣ ਲਈ ਦਿਤੇ ਹਨ। ਜਿਹੜੇ ਪਾਠੀ ਲੋੜੀਂਦੇ ਸ਼ਬਦਾਂ ਵਿਚ ਬਿੰਦੇ ਦੀ ਵਰਤੋਂ ਨਹੀਂ ਕਰਦੇ ਜਾਂ ਸਿੱਖਣ ਦੀ ਕੋਸ਼ਿਸ਼ ਨਹੀਂ ਕਰਦੇ, ਉਹ ਅਸ਼ੁੱਧ ਪਾਠ ਕਰਨ ਦੇ ਦੋਸ਼ੀ ਬਣਦੇ ਹਨ, ਪਰ ਇਹ ਸੋਝੀ ਤਾਂ ਹੀ ਆ ਸਕਦੀ ਹੈ ਜੇ ਅਰਥ-ਬੋਧ ਹੋਵੇ ਜਾਂ ਇਹ ਜਾਣਕਾਰੀ ਰੱਖਣ ਵਾਲਿਆਂ ਦੀ ਸੰਗਤ ਵਿਚ ਬੈਠ ਕੇ ਪਾਠ ਸੁਣਨ ਦਾ ਉਦਮ ਕੀਤਾ ਹੋਵੇ। ਗੁਰਬਾਣੀ ਦਾ ਪਾਠ ਸਭ ਤੋਂ ਵੱਡੀ ਸੰਗਤ ਹੈ। ਪਰ ਇਸ ਨੂੰ ਸਮਝਦਾ ਕੋਈ ਵਿਰਲਾ ਹੀ ਹੈ। ਕਿਸੇ ਭਲੇ ਬੰਦੇ ਦੀ ਸੰਗਤ ਕੁਝ ਗਿਣਤੀ ਦੇ ਸਮੇਂ ਵਾਸਤੇ ਹੀ ਪ੍ਰਾਪਤ ਹੋ ਸਕਦੀ ਹੈ, ਪਰ ਜਗਤ ਗੁਰੂ ਨਾਨਕ ਦੇਵ ਜੀ ਦੇ ਮਹਾਨ ਉਪਕਾਰ ਦਾ ਸਦਕਾ ਗੁਰਬਾਣੀ ਦੀ ਸੰਗਤ ਹਰ ਸਮੇਂ, ਹਰ ਘੜੀ ਕੀਤੀ ਜਾ ਸਕਦੀ ਹੈ। ਕਈ ਵਾਰ ਅਰਥ ਬੋਧ ਨਾ ਹੋਣ ਕਰਕੇ ਮਨ ਦੇ ਉਖੜ ਜਾਣ ਨਾਲ ਬੇ-ਰਸੀ ਪੈਦਾ ਹੋ ਜਾਂਦੀ ਹੈ, ਪਰ ਗੁਰਬਾਣੀ ਦੇ ਸਟੀਕਾਂ ਦੀ ਸੰਗਤ ਮੁੜ ਜੋੜ ਦਿੰਦੀ ਹੈ। ਗੁਰਬਾਣੀ ਦੀ ਵੀਚਾਰ ਅਗਿਆਨ ਵਾਲੀ ਬੁਧੀ ਦਾ ਨਾਸ਼ ਕਰ ਕੇ ਗੁਰਮਤਿ ਗਿਆਨ ਦਾ ਪ੍ਰਕਾਸ਼ ਕਰਦੀ ਹੈ। ਫਿਰ ਵਿਚਾਰ ਯੁਕਤ ਬੁਧੀ ਨਾਲ ਸਾਵਧਾਨਤਾ ਸਹਿਤ ਗੁਰਦੇਵ ਜੀ ਨੂੰ ਹਾਜ਼ਰ ਨਾਜ਼ਰ ਜਾਣਦੇ ਹੋਏ ਗੁਰਬਾਣੀ ਰਾਹੀਂ ਪ੍ਰਭੂ ਪ੍ਰੀਤਮ ਦੀਆਂ ਸਿਫਤਾਂ ਵਿਚ ਮਗਨ ਹੋਣ ਦਾ ਸਦਕਾ ਜੀਵਨ ਵਿਚ ਇਕ ਅਨੋਖਾ ਪਲਟਾ ਆਉਂਦਾ ਹੈ। ਇਸ ਪ੍ਰਕਾਰ ਜਿਸ ਕਿਸੇ ਨੇ ਵੀ ਉਦਮ ਕੀਤਾ, ਉਹ ਅੰਤ ਨੂੰ ਸੱਚੇ ਸਾਹਿਬ ਦੇ ਦਰਬਾਰ ਵਿਚ ਉਜਲ ਮੁਖ ਲੈ ਕੇ ਪਹੁੰਚਿਆ ਹੈ।

ਵੇਖੋ, ਦਸਮੇਸ਼ ਪਿਤਾ ਜੀ ਵੀ ਗੁਰਸਿਖਾਂ ਨੂੰ ਗੁਰਬਾਣੀ ਦਾ ਸੁਧ ਪਾਠ ਕਰਨ ਦੀ ਕਿਤਨੀ ਸੁੰਦਰ ਪ੍ਰੇਰਨਾ ਦੇਂਦੇ ਹਨ, ਜਿਸ ਦਾ ਵਰਣਨ ਭਾ: ਸੰਤੋਖ ਸਿੰਘ ਕਵਿ ਚੂੜਾਮਣਿ ਜੀ ਨੇ ਸੂਰਜ ਪ੍ਰਕਾਸ਼ ਦੀ ਰੁਤ ੩, ਅਧਯਾਯ ੩੪ ਵਿਚ ਇਉਂ ਕੀਤਾ ਹੈ :—

> ਸਿਖੋ ਸੁਨਹ ਸੀਖ ਇਹ ਮੇਰੀ। ਬਾਨੀ ਪਢੋ ਸੁਧ ਗੁਰ ਕੇਰੀ॥ਪਢੇ ਮਹਾਤਮ ਲਹੈ ਬਿਸਾਲ। ਹਲਤ ਪਲਤ ਮਹਿ ਹੋਇ ਨਿਹਾਲ। ਜੇ ਅਸ਼ੁੱਧ ਹ੍ਵੈ ਪਢੀਐ ਸ਼ੁੱਧ ਕਰ। ਬਿਗਰੀ ਵਸਤੁ ਸੁਧਾਰਹਿ ਜਿਸ ਘਰ।

ਉਪ੍ਰੋਕਤ ਪ੍ਰਮਾਣ ਤੋਂ ਇਹ ਸਿਧਾਂਤਕ ਨਿਰਣਾ ਵੀ ਸਾਨੂੰ ਸੁਚੱਜੀ ਸੇਧ ਦਿੰਦਾ ਹੈ ਕਿ ਜਿਥੇ ਕਿਤੇ ਲਿਖਾਰੀ ਜਾਂ ਛਾਪੇ ਦੀ ਗਲਤੀ ਨਾਲ ਕੋਈ ਅਸ਼ੁੱਧ ਪਾਠ ਨਜ਼ਰੀਂ ਪਵੇ ਤਾਂ ਉਸ ਨੂੰ ਸ਼ੁੱਧ ਕਰ ਕੇ ਪੜ੍ਹਨਾ ਚਾਹੀਦਾ ਹੈ। ਅਜਿਹੀ ਪ੍ਰੇਰਨਾ ਸਾਨੂੰ ਦੋਸ਼ੀ ਨਹੀਂ ਬਣਾਉਂਦੀ, ਸਗੋਂ ਗੁਰਬਾਣੀ ਦਾ ਆਦਰ ਸਤਿਕਾਰ ਸਿਖਾਉਂਦੀ ਹੈ। ਬਿਨਾਂ ਅਰਥ-ਬੋਧ ਦੇ ਪਾਠ ਕਰਨਾ ਸੁਆਦ ਤੋਂ ਖਾਲੀ ਕੜਛੀਆਂ ਦੀ ਨਿਆਈਂ ਹੁੰਦਾ ਹੈ :

> ਕੜਛੀਆ ਫਿਰੰਨਿ ਸੁਆਉ
> ਨ ਜਾਣਨਿ ਸੁੰਞੀਆਂ ॥ (ਪੰ: ੫੨੧)

ਅੰਤ ਵਿਚ ਸਮੂਹ ਗੁਰਸਿਖ ਵੀਰਾਂ, ਭੈਣਾਂ ਤਥਾ ਬਜ਼ੁਰਗਾਂ ਦੀ ਸੇਵਾ ਵਿਚ ਸਨਿਮਰ ਬੇਨਤੀ ਹੈ ਕਿ ਸਕੂਲਾਂ ਦੀ ਪੜ੍ਹਾਈ ਵਾਂਗ ਗੁਰਬਾਣੀ ਦੇ ਪਾਠ-ਭੇਦ, ਸ਼ੁੱਧ-ਉਚਾਰਨ ਅਤੇ ਅਰਥ ਬੋਧ ਆਦਿਕ ਬਿਨਾ ਸਿਖਿਆਂ ਨਹੀਂ ਆਉਂਦਾ।


www.AKJ.Org

# ਗ੍ਰੰਥੀ ਸਿੰਘਾਂ ਦੇ ਫ਼ਰਜ਼

[ਵਲੋਂ—ਗਿਆਨੀ ਜੰਗ ਸਿੰਘ ਜੀ, ਇੰਚਾਰਜ ਸਿਖ ਇਤਿਹਾਸ ਰੀਸਰਚ ਬੋਰਡ, ਸ਼੍ਰੋ: ਗੁ: ਪ੍ਰ: ਕਮੇਟੀ]

ਜੁਗੋ ਜੁਗ ਅਟੱਲ, ਚੌਰ ਤਖਤ ਦੇ ਮਾਲਕ, ਹਲਤ ਪਲਤ ਦੇ ਰਾਖੇ, ਬਾਣੀ ਦੇ ਬੋਹਿਥ, ਸੱਚੇ ਪਾਤਸ਼ਾਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਜ਼ੀਰ ਗ੍ਰੰਥੀ ਸਿੰਘਾਂ ਦੇ ਕੀ ਫਰਜ਼ ਹਨ ? ਅਤੇ ਉਹ ਆਪਣੀਆਂ ਡੀਉਟੀਆਂ ਨੂੰ ਕਿਸ ਢੰਗ ਨਾਲ ਨਿਭਾ ਰਹੇ ਹਨ ? ਇਹ ਪ੍ਰਸ਼ਨ ਇਸ ਸਮੇਂ ਬਹੁਤ ਹੀ ਮਹੱਤਵ ਪੂਰਨ ਹੋ ਗਏ ਹਨ। ਇਸ ਦਾ ਕਾਰਨ ਇਹ ਹੈ ਕਿ ਸਿਖ ਧਰਮ ਦਾ ਪ੍ਰਚਾਰ ਤੇ ਵਿਸਥਾਰ ਇਸ ਵੇਲੇ ਵਿਸ਼ਵ ਭਰ ਵਿਚ ਹੋ ਰਿਹਾ ਹੈ। ਗੁਰਦੁਆਰਿਆਂ ਦੀ ਗਿਣਤੀ ਦਿਨੋ ਦਿਨ ਵਧ ਰਹੀ ਹੈ। ਗੁਰਦੁਆਰੇ ਸਿਖਾਂ ਲਈ ਧਾਰਮਕ ਜੀਵਨ ਦੇ ਉਹ ਸੋਮੇ ਹਨ ਜਿਨ੍ਹਾਂ ਤੋਂ ਗੁਰਸਿਖਾਂ ਨੇ ਤੇ ਪ੍ਰਾਣੀ ਮਾਤ੍ਰ ਨੇ ਆਪਣੀ ਆਤਮਕ ਪਿਆਸ ਬੁਝਾਣੀ ਹੈ ਅਤੇ ਮਨ ਦੀ ਸ਼ਾਂਤੀ ਪ੍ਰਾਪਤ ਕਰਨੀ ਹੈ । ਜੇ ਗੁਰਦੁਆਰਿਆਂ ਦੇ ਗ੍ਰੰਥੀ ਸਾਹਿਬਾਨ ਆਪਣੇ ਪਵਿਤਰ ਫ਼ਰਜ਼ਾਂ ਨੂੰ ਠੀਕ ਢੰਗ ਨਾਲ ਨਿਭਾਉਣ ਅਤੇ ਉਹ ਆਪਣੇ ਅਮਲੀ ਜੀਵਨ ਦੁਆਰਾ ਗੁਰਮਤਿ ਦਾ ਸਹੀ ਢੰਗ ਨਾਲ ਪ੍ਰਚਾਰ ਕਰਨ ਤਾਂ ਕੁਝ ਹੀ ਸਾਲਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੂਹਾਨੀ ਪ੍ਰਕਾਸ਼ ਅਤੇ ਗੁਰਬਾਣੀ ਦਾ ਚਾਨਣ ਸਾਰੀ ਦੁਨੀਆ ਵਿਚ ਫੈਲ ਸਕਦਾ ਹੈ। ਸਾਰੇ ਸੰਸਾਰ ਦੇ ਮਨੁਖ ਗੁਰਬਾਣੀ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਨੂੰ ਸਹੀ ਸੇਧ ਦੇ ਸਕਦੇ ਹਨ ਅਤੇ ਸੰਸਾਰ ਵਿਚ ਇਕ ਆਦਰਸ਼ਕ ਸਮਾਜ ਦੀ ਸਥਾਪਨਾ ਹੋ ਸਕਦੀ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਦਰਸ਼ਕ ਸਮਾਜ ਦਾ ਨਕਸ਼ਾ ਖਿਚਦੇ ਹੋਇ ਫੁਰਮਾਇਆ ਹੈ :—

> ਸਾਧ ਸਮੂਹ ਪ੍ਰਸੰਨ ਫਿਰੈ ਜਗ
> ਸਤ੍ਰ ਸਭੈ ਅਵਲੋਕ ਚਪੈਂਗੇ ॥੭॥
>
> [ਤ੍ਵਪ੍ਰਸਾਦਿ ਸਵੈਯੇ

ਭਾਵ ਜਿਸ ਸਮਾਜ ਵਿਚ ਸਾਧ (ਚੰਗੇ ਮਨੁਖ) ਪ੍ਰਸੰਨ ਹੋ ਕੇ ਆਜ਼ਾਦੀ ਨਾਲ ਵਿਚਰਨ ਅਤੇ ਸ਼ਤ੍ਰ (ਸਮਾਜ ਦੁਸ਼ਮਣ) ਦੰਡ ਦੇ ਭਾਗੀ ਹੋਣ, ਉਸ ਸਮਾਜ ਦੀ ਸਥਾਪਨਾ ਸਾਰੇ ਸੰਸਾਰ ਵਿਚ ਹੋਣੀ ਚਾਹੀਦੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ :—

> ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥
> ਪੈ ਕੋਇ ਨ ਕਿਸੈ ਰਞਾਣਦਾ ॥
> ਸਭ ਸੁਖਾਲੀ ਵੁਠੀਆ
> ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥
>
> ਸਿਰੀਰਾਗੁ ਮ: ੫, ਪੰਨਾ ੭੪

ਇਸ ਮਹਾਂਵਾਕ ਵਿਚ ਗੁਰੂ ਜੀ ਨੇ ਇਕ ਆਦਰਸ਼ਕ ਰਾਜ ਦਾ ਨਕਸ਼ਾ ਖਿਚਿਆ ਹੈ, ਜੋ ਸਾਰੇ ਜਗਤ ਵਿਚ ਕਾਇਮ ਹੋਣਾ ਚਾਹੀਦਾ ਹੈ, ਪ੍ਰੰਤੂ ਇਸ ਨੂੰ ਕਾਇਮ ਕਰਨ ਦਾ ਫ਼ਰਜ਼ ਵੀ ਗ੍ਰੰਥੀ ਸਿੰਘਾਂ ਅਤੇ ਗੁਰਬਾਣੀ ਤੋਂ ਵਰੋਸਾਏ ਹੋਇ ਗੁਰਸਿਖਾਂ ਨੇ ਹੀ ਨਿਭਾਉਣਾ ਹੈ, ਇਸ ਕਰਕੇ ਸਵਾਲ ਪੈਦਾ ਹੁੰਦਾ ਹੈ ਕਿ ਗ੍ਰੰਥੀ ਸਿੰਘਾਂ ਉਤੇ ਜੋ ਮਹਾਨ ਜ਼ਮੇਵਾਰੀਆਂ ਆ ਪਈਆਂ ਹਨ, ਉਨ੍ਹਾਂ ਨੂੰ ਉਹ ਕਿਵੇਂ ਨਿਭਾ ਸਕਦੇ ਹਨ ?

## ਕਥਨੀ ਤੇ ਕਰਨੀ—

ਗੁਰਬਾਣੀ ਵਿਚ ਸਤਿਗੁਰਾਂ ਨੇ ਇਕ ਨਮੂਨੇ ਦਾ ਇਨਸਾਨ (ਸਚਿਆਰ ਮਨੁਖ) ਚਿਤਰਿਆ ਹੈ, ਜੋ ਸ਼ੁਭ ਗੁਣਾਂ ਦਾ ਸੰਚਾਰ ਕਰੇ ਅਤੇ—

> ਅਉਗੁਣ ਸਭਿ ਮਿਟਾਇ ਕੈ
> ਪਰਉਪਕਾਰ ਕਰੇਇ ॥੩॥(੪॥੪॥੧੭੨)
>
> ਗਉੜੀ ਮਾਝ ਮ: ੫, ਪੰਨਾ ੨੧੮

ਨੂੰ ਆਪਣਾ ਜੀਵਨ-ਆਦਰਸ਼ ਮਿਥ ਕੇ ਇਸ ਤੇ ਅਮਲ ਕਰਨ ਦਾ ਯਤਨ ਕਰੇ । ਇਹ ਤਾਂ ਹੀ ਹੋ ਸਕਦਾ ਹੈ ਜੇ ਗ੍ਰੰਥੀ ਸਿੰਘ ਗੁਰਬਾਣੀ ਦਾ ਭਾਵ ਲੋਕਾਂ ਨੂੰ ਚੰਗੀ ਤਰ੍ਹਾਂ ਸਮਝਾਉਣ ਦੀ ਸਮਰੱਥਾ



www.AKJ.Org

ਰਖਦੇ ਹੋਣ ਅਤੇ

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ॥੮॥੨੩॥

ਸੁਖਮਨੀ ਸਾਹਿਬ

ਦੇ ਮਹਾਂਵਾਕ ਅਨੁਸਾਰ ਖ਼ੁਦ ਮੋਹ ਮਾਇਆ ਦੇ ਜਾਲ ਤੋਂ ਮੁਕਤ ਹੋਣ ਤੇ ਦੂਜਿਆਂ ਨੂੰ ਮੁਕਤ ਕਰਨ ਦਾ ਜਜ਼ਬਾ ਰਖਦੇ ਹੋਣ । ਗੁਰਬਾਣੀ ਦਾ ਇਹ ਵੀ ਸਿਧਾਂਤ ਹੈ ਕਿ :—

ਜਿਉ ਮਨੁ ਦੇਖਹਿ ਪਰ ਮਨੁ ਤੈਸਾ ॥
ਜੈਸੀ ਮਨਸਾ ਤੈਸੀ ਦਸਾ...॥੩॥

ਪ੍ਰਭਾਤੀ ਅਸਟ: ਮ: ੧, ਪੰਨਾ ੧੩੪੨

ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ ॥
ਬੀਜੇ ਬਿਖੁ ਮੰਗੈ ਅੰਮ੍ਰਿਤੁ
ਵੇਖਹੁ ਏਹ ਨਿਆਉ ॥੨॥(੨੨)

ਆਸਾ ਦੀ ਵਾਰ, ਪੰਨਾ ੪੭੪

ਦੇ ਮਹਾਂਵਾਕਾਂ ਅਨੁਸਾਰ ਗੁਰਬਾਣੀ ਦੀ ਵਿਆਖਿਆ ਕਰਨ ਵਾਲੇ ਗੁਰਸਿਖ ਦੇ ਜੋ ਕੁਝ ਮਨ ਵਿਚ ਹੋਵੇਗਾ ਉਹੀ ਬਾਹਰ ਆਵੇਗਾ ਤੇ ਉਹ ਆਪਣੇ ਮਨ ਦੀ ਹਾਲਤ ਅਨੁਸਾਰ ਹੀ ਲੋਕਾਂ ਨੂੰ ਵੇਖੇਗਾ ਤੇ ਉਨ੍ਹਾਂ ਬਾਰੇ ਅਨੁਮਾਨ ਲਾਵੇਗਾ । ਗੁਰਬਾਣੀ ਵਿਚ ਹੋਰ ਫ਼ੁਰਮਾਨ ਆਇਆ ਹੈ :—

ਤਿਸ ਕੈ ਭਾਣੈ ਕੋਇ ਨ ਭੂਲਾ
ਜਿਨਿ ਸਗਲੋ ਬ੍ਰਹਮੁ ਪਛਾਤਾ ॥ਰਹਾਉ॥

ਸੋਰਠਿ ਮ: ੫, ਪੰਨਾ ੬੧੦

ਇਸ ਦਾ ਸਿੱਟਾ ਇਹ ਨਿਕਲਿਆ ਕਿ ਗ੍ਰੰਥੀ ਸਿੰਘਾਂ ਨੂੰ ਸਮਦ੍ਰਿਸ਼ਟੀ ਰਖਣੀ ਚਾਹੀਦੀ ਹੈ । ਸਭ ਨੂੰ ਇਕੋ ਨਜ਼ਰ ਨਾਲ ਵੇਖਣਾ ਚਾਹੀਦਾ ਹੈ ਤੇ ਸਭ ਨਾਲ ਪਖਪਾਤ ਤੋਂ ਉਚੇ ਉਠ ਕੇ ਸਮਾਨਤਾ ਦਾ ਵਰਤਾਉ ਕਰਨਾ ਚਾਹੀਦਾ ਹੈ। ਗੁਰਦੁਆਰਿਆਂ ਦੇ ਪ੍ਰਬੰਧਕਾਂ ਵਿਚ ਪਾਰਟੀ-ਬਾਜ਼ੀ ਤੇ ਧੜੇਬੰਦੀ ਦਾ ਔਗੁਣ ਆ ਜਾਂਦਾ ਹੈ, ਪਰ ਗ੍ਰੰਥੀ ਸਿੰਘਾਂ ਨੂੰ ਹਰ ਪ੍ਰਕਾਰ ਦੀ ਧੜੇਬੰਦੀ ਤੇ ਪਖਪਾਤ ਤੋਂ ਉਚਾ ਰਹਿਣਾ ਚਾਹੀਦਾ ਹੈ। ਫਿਰ ਹੀ ਸਾਰੇ ਲੋਕਾਂ ਦੇ ਦਿਲਾਂ ਵਿਚ ਉਨ੍ਹਾਂ ਦਾ ਮਾਣ ਸਤਿਕਾਰ ਬਣਿਆ ਰਹਿ ਸਕਦਾ ਹੈ।

ਭਾਵ ਇਹ ਹੈ ਕਿ ਗ੍ਰੰਥੀ ਸਿੰਘਾਂ ਦੀ ਕਰਣੀ ਤੇ ਕਥਨੀ ਵਿਚ ਅੰਤਰ ਨਹੀਂ ਹੋਣਾ ਚਾਹੀਦਾ । ਉਨ੍ਹਾਂ ਨੂੰ ਨਿਓਟਿਆਂ ਦੀ ਓਟ ਤੇ ਨਿਆਸਰਿਆਂ ਦੇ ਆਸਰੇ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੇ ਮਹਾਂਵਾਕ :—

ਜੀਅਹੁ ਨਿਰਮਲ ਬਾਹਰਹੁ ਨਿਰਮਲ ॥
ਬਾਹਰਹੁ ਤ ਨਿਰਮਲ ਜੀਅਹੁ ਨਿਰਮਲ
ਸਤਿਗੁਰ ਤੇ ਕਰਣੀ ਕਮਾਣੀ ॥
ਕੂੜ ਕੀ ਸੋਇ ਪਹੁਚੈ ਨਾਹੀ
ਮਨਸਾ ਸਚਿ ਸਮਾਣੀ...॥੨੦॥

ਰਾਮਕਲੀ ਮ: ੩ ਅਨੰਦੁ, ਪੰਨਾ ੯੧੯

ਉਤੇ ਅਮਲ ਕਰਨਾ ਚਾਹੀਦਾ ਹੈ । ਉਨ੍ਹਾਂ ਦੀ ਰਹਿਣੀ ਬਹਿਣੀ, ਕਹਿਣੀ ਸਹਿਣੀ, ਆਦਿਕ ਤੋਂ ਇਹ ਪ੍ਰਤੀਤ ਹੋਵੇ ਕਿ ਗੁਰਬਾਣੀ ਉਨ੍ਹਾਂ ਦੇ ਰੋਮ ਰੋਮ ਵਿਚ ਵਸੀ ਹੋਈ ਹੈ ਅਤੇ ਉਨ੍ਹਾਂ ਦਾ ਆਚਰਣ ਗੁਰਬਾਣੀ ਦੇ ਸੱਚੇ ਵਿਚ ਢਲਿਆ ਹੋਇਆ ਹੈ। ਭਾਈ ਸਾਹਿਬ ਭਾਈ ਗੁਰਦਾਸ ਜੀ ਦਾ ਫ਼ੁਰਮਾਨ ਹੈ ਕਿ ਈਰਖਾ ਦਵੈਸ਼ ਤੇ ਕਾਮ ਕ੍ਰੋਧ ਦੀ ਅੱਗ ਨਾਲ ਤਪੇ ਹੋਇ ਦਿਲਾਂ ਨੂੰ ਸ਼ਾਂਤ ਕਰਨ ਲਈ ਲੋਕ ਗੁਰਦੁਆਰੇ ਆਉਂਦੇ ਹਨ, ਜੇ ਉਥੇ ਆ ਕੇ ਵੀ ਅਤੇ ਗ੍ਰੰਥੀ ਸਿੰਘਾਂ ਤੋਂ ਗੁਰਬਾਣੀ ਜਾਂ ਕਥਾ ਸੁਣ ਕੇ ਵੀ ਉਨ੍ਹਾਂ ਦੇ ਮਨ ਸ਼ਾਂਤ ਨਾ ਹੋਣ ਤਾਂ ਉਹ ਕਿਥੇ ਜਾਣ ? ਸੰਸਾਰ ਵਿਚ ਗੁਰਦੁਆਰੇ ਅਤੇ ਗੁਰਮੁਖ ਗੁਰਸਿਖਾਂ ਦੀ ਸੰਗਤ ਤੋਂ ਬਿਨਾਂ ਉਨ੍ਹਾਂ ਨੂੰ ਹੋਰ ਕਿਤੇ ਢੋਈ ਨਹੀਂ ਮਿਲ ਸਕਦੀ। ਭਾਈ ਗੁਰਦਾਸ ਜੀ ਕਬਿਤਾਂ ਵਿਚ ਕਥਨ ਕਰਦੇ ਹਨ :—

ਬਾਹਿਰ ਕੀ ਅਗਨਿ ਬੁਝਤ ਜਲ ਸਰਤਾ ਕੈ
ਨਾਉ ਮੈ ਜੋ ਆਗ ਲਗੈ ਕੈਸੇ ਕੈ ਬੁਝਾਈਐ ॥
ਬਾਹਿਰ ਸੈ ਭਾਗ ਓਟ ਲੀਜੀਅਤ ਕੋਟ ਗੜ੍ਹ
ਗੜ੍ਹ ਮੈ ਜੋ ਲੂਟ ਲੀਜੈ ਕਹੋ ਕਤ ਜਾਈਐ ॥
ਚੋਰਨ ਕੈ ਤ੍ਰਾਸ ਜਾਇ ਸਰਨ ਨਰਿੰਦ ਗਹੈ
ਮਾਰੇ ਮਹੀਪਤਿ ਜੀਉ ਕੈਸੇ ਕੈ ਬਚਾਈਐ ॥
ਮਾਇਆ ਡਰ ਡਰਪਤ ਹਾਰਿ ਗੁਰਦੁਆਰੇ ਜਾਵੈ
ਤਹਾ ਜਉ ਬਿਆਪੈ ਮਾਇਆ ਕਹਾਂ ਠਹਿਰਾਈਐ ॥
੫੪੪॥



www.AKJ.Org

## ਧਾਰਮਕ ਰਸਮਾਂ–

ਗੁਰਬਾਣੀ ਦੇ ਅਰਥਾਂ ਅਤੇ ਗੁਰ ਇਤਿਹਾਸ ਤੋਂ ਗ੍ਰੰਥੀ ਸਿੰਘਾਂ ਨੂੰ ਭਲੀ ਪ੍ਰਕਾਰ ਜਾਣੂ ਹੋਣਾ ਚਾਹੀਦਾ ਹੈ। ਸਿਖਾਂ ਦੇ ਇਤਿਹਾਸ ਨੂੰ ਲਿਖਣ ਵਾਲੇ ਬਹੁਤ ਗੈਰ-ਸਿਖ ਹੋਏ ਹਨ। ਜਿਨ੍ਹਾਂ ਨੇ ਖਾਸ ਮਸਲਹਤਾਂ ਨੂੰ ਮੁਖ ਰਖ ਕੇ ਇਤਿਹਾਸ ਨੂੰ ਵਿਗਾੜ ਕੇ ਲਿਖਿਆ ਹੈ। ਮੁਗਲਾਂ ਦੇ ਸਮੇਂ ਵਿਚ ਕਈ ਲੇਖਕਾਂ ਨੇ ਫ਼ਾਰਸੀ ਵਿਚ ਸਿਖ ਇਤਿਹਾਸ ਲਿਖਿਆ। ਉਹ ਮੁਗਲ ਹਕੂਮਤ ਦੇ ਪ੍ਰਭਾਵ ਤੋਂ ਮੁਕਤ ਹੋ ਕੇ ਇਤਿਹਾਸ ਨਹੀਂ ਲਿਖ ਸਕੇ, ਇਸ ਕਰਕੇ ਉਨ੍ਹਾਂ ਨੇ ਮੁਗਲ ਹਕੂਮਤ ਨੂੰ ਖੁਸ਼ ਕਰਨ ਲਈ ਸਿਖਾਂ ਦੇ ਇਤਿਹਾਸ ਵਿਚ ਵਿਘਨ ਪਾਇਆ ਤੇ ਉਸ ਨੂੰ ਵਿਗਾੜ ਕੇ ਲਿਖਿਆ। ਖਾਲਸਾ ਰਾਜ ਦੇ ਸਮੇਂ ਸਿੰਘਾਂ ਨੂੰ ਯੁਧਾਂ ਜੰਗਾਂ ਤੋਂ ਹੀ ਵਿਹਲ ਨਾ ਮਿਲੀ, ਇਸ ਕਰਕੇ ਉਹ ਆਪਣੇ ਇਤਿਹਾਸ ਦੀ ਸੋਧ ਨਾ ਕਰ ਸਕੇ। ਫਿਰ ਅੰਗਰੇਜ਼ਾਂ ਦਾ ਸਮਾਂ ਆਇਆ। ਉਹ ਬੜੇ ਚਾਤੁਰ ਅਤੇ ਹੁਸ਼ਿਆਰ ਲੋਕ ਸਨ। ਉਨ੍ਹਾਂ ਨੇ ਤਾਂ ਸਿਖ ਇਤਿਹਾਸ ਨੂੰ ਵਿਗਾੜਨ ਦੇ ਸਾਰੇ ਹੀ ਰੀਕਾਰਡ ਮਾਤ ਕਰ ਦਿਤੇ। ਇਥੋਂ ਤੱਕ ਕਿ ਉਨ੍ਹਾਂ ਨੇ ਪ੍ਰੋਫੈਸਰ ਟਰੰਪ ਵਰਗੇ ਜਰਮਨ ਲੇਖਕਾਂ ਨੂੰ ਲਾਲਚ ਦੇ ਕੇ ਗੁਰਬਾਣੀ ਦੇ ਅਰਥ ਵਿਗਾੜਨ ਦਾ ਵੀ ਯਤਨ ਕੀਤਾ। ਭਾਰਤ ਵਿਚ ਬਰਤਾਨਵੀ ਰਾਜ ਦੇ ਸਮੇਂ ਇਤਿਹਾਸ ਨੂੰ ਵਿਗਾੜਨ ਤੋਂ ਇਲਾਵਾ ਲੋਕਾਂ ਦੀ ਬੋਲੀ ਤੇ ਸਭਿਆਚਾਰ ਨੂੰ ਖ਼ਤਮ ਕਰਨ ਦੇ ਵੀ ਯਤਨ ਕੀਤੇ ਗਏ। ਜੇ ਕਿਸੇ ਲਿਖਾਰੀ ਨੇ ਨਿਰਪੱਖ ਹੋ ਕੇ ਲਿਖਣ ਦਾ ਯਤਨ ਕੀਤਾ ਤਾਂ ਉਸ ਨੂੰ ਸਜ਼ਾ ਦਿਤੀ ਗਈ। ਇਸ ਕਰਕੇ ਸਿਖ ਇਤਿਹਾਸ ਅਤੇ ਭਾਰਤ ਦੇ ਇਤਿਹਾਸ ਵਿਚ ਜੋ ਮਨ-ਘੜਤ ਸਾਖੀਆਂ ਘੜ ਕੇ ਪਾਈਆਂ ਗਈਆਂ ਉਨ੍ਹਾਂ ਨੇ ਵੀ ਬੜਾ ਨੁਕਸਾਨ ਪਹੁੰਚਾਇਆ।

ਇਹ ਸਭ ਕੁਝ ਕਥਨ ਕਰਨ ਦਾ ਭਾਵ ਇਹ ਹੈ ਕਿ ਗ੍ਰੰਥੀ ਸਿੰਘਾਂ ਵਿਚ ਐਸੀ ਬਿਬੇਕ ਬੁਧੀ ਹੋਣੀ ਚਾਹੀਦੀ ਹੈ ਕਿ ਉਹ ਗੁਰ-ਇਤਿਹਾਸ ਨੂੰ ਸਹੀ ਰੂਪ ਵਿਚ ਨਿਖਾਰ ਕੇ ਲੋਕਾਂ ਦੇ ਸਾਹਮਣੇ ਪੇਸ਼ ਕਰ ਸਕਣ ਅਤੇ ਆਪਣੀਆਂ ਸਾਰੀਆ ਇਤਿਹਾਸਕ ਰਵਾਇਤਾਂ ਨੂੰ ਗੁਰਬਾਣੀ ਦੀ ਕਸੌਟੀ ਤੇ ਲਾ ਕੇ ਪਰਖ ਸਕਣ। ਜਿਹੜੀ ਇਤਿਹਾਸਕ ਘਟਨਾ ਗੁਰਬਾਣੀ ਦੀ ਕਸੌਟੀ ਤੇ ਖਰੀ ਨਾ ਉਤਰੇ, ਉਸ ਨੂੰ ਛਡ ਦਿਤਾ ਜਾਵੇ। ਧਾਰਮਕ ਰਹੁ-ਰੀਤਾਂ ਦੀ ਅਦਾਇਗੀ ਕਰਨ ਸਮੇਂ ਗ੍ਰੰਥੀ ਸਿੰਘਾਂ ਨੂੰ ਸ਼ੋ: ਗੁ: ਪ੍ਰ: ਕਮੇਟੀ ਵਲੋਂ ਪ੍ਰਕਾਸ਼ਤ ਕੀਤੀ ਗਈ "ਸਿਖ ਰਹਿਤ ਮਰਯਾਦਾ" ਨੂੰ ਹੀ ਮੁਖ ਰਖਣਾ ਚਾਹੀਦਾ ਹੈ। ਸਿਖਾਂ ਦੀਆਂ ਧਾਰਮਕ ਰਸਮਾਂ ਨੂੰ ਹੋਰ ਧਰਮਾਂ ਦੇ ਗਲਤ ਪ੍ਰਭਾਵ ਤੋਂ ਵੀ ਬਚਾਉਣਾ ਚਾਹੀਦਾ ਹੈ। ਕਿਉਂਕਿ ਜੇ ਇਸ ਨਾਜ਼ਕ ਸਮੇਂ ਇਸ ਪਾਸੇ ਧਿਆਨ ਨਾ ਦਿਤਾ ਗਿਆ ਤਾਂ ਸਿਖਾਂ ਦੀਆਂ ਧਾਰਮਕ ਰਸਮਾਂ ਦਾ ਅਸਲੀ ਰੂਪ ਹੀ ਵਿਗੜ ਜਾਣ ਦਾ ਖ਼ਤਰਾ ਹੈ ਅਤੇ ਇਸ ਖ਼ਤਰੇ ਦਾ ਮੁਕਾਬਲਾ ਵੀ ਸੂਝ ਬੂਝ ਰਖਣ ਵਾਲੇ ਗ੍ਰੰਥੀ ਸਿੰਘ ਹੀ ਕਰ ਸਕਦੇ ਹਨ।

ਜਨਮ ਸੰਸਕਾਰ ਤੋਂ ਲੈ ਕੇ ਮ੍ਰਿਤਕ ਸੰਸਕਾਰ ਤਕ ਸਾਰੀਆਂ ਰਸਮਾਂ ਇਸ ਢੰਗ ਨਾਲ ਗੁਰਮਤਿ ਅਨੁਸਾਰ ਨਿਭਾਉਣੀਆਂ ਚਾਹੀਦੀਆਂ ਹਨ ਕਿ ਧਾਰਮਕ ਨਿਯਮਾਂ ਦਾ ਉਲੰਘਣ ਕਰਨ ਵਾਲੇ ਲੋਕਾਂ ਦਾ ਪ੍ਰਭਾਵ ਨਾ ਪੈ ਸਕੇ। ਜਿਹੜੇ ਲੋਕ ਗੁਰਮਤਿ ਮਾਰਗ ਤੋਂ ਭਟਕੇ ਹੋਏ ਹਨ ਤੇ ਗ੍ਰੰਥੀ ਸਿੰਘਾਂ ਤੇ ਨਾਜਾਇਜ਼ ਦਬਾਂ ਪਾ ਕੇ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦੇ ਹਨ, ਉਨ੍ਹਾਂ ਅੱਗੇ ਝੁਕਣਾ ਨਹੀਂ ਚਾਹੀਦਾ ਅਤੇ ਨਾ ਹੀ ਉਨ੍ਹਾਂ ਦਾ ਮੂੰਹ ਰਖਣ ਲਈ ਕੋਈ ਐਸੀ ਗੁਰਮਤਿ-ਵਿਰੋਧੀ ਗੱਲ ਕਰਨੀ ਚਾਹੀਦੀ ਹੈ ਜਿਸ ਨਾਲ ਸਿੱਖੀ ਨੂੰ ਨੁਕਸਾਨ ਪਹੁੰਚੇ।

## ਗ੍ਰੰਥੀ ਸਿੰਘਾਂ ਦੀ ਨਿਯੁਕਤੀ--

ਗ੍ਰੰਥੀ ਸਿੰਘਾ ਦੀ ਨਿਯੁਕਤੀ ਕਰਨ ਸਮੇਂ ਪ੍ਰਬੰਧਕਾਂ ਨੂੰ ਉਹ ਅਸੂਲ ਮੁਖ ਰਖਣੇ ਚਾਹੀਦੇ ਹਨ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਹਰਿਮੰਦਰ ਸਾਹਿਬ



www.AKJ.Org

ਅੰਮ੍ਰਿਤਸਰ ਵਿਚ ਪਹਿਲਾ ਪ੍ਰਕਾਸ਼ ਕਰਨ ਤੋਂ ਉਪਰੰਤ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਨੂੰ ਪਹਿਲਾ ਗ੍ਰੰਥੀ ਥਾਪਣ ਵੇਲੇ ਮੁਖ ਰਖੇ ਸਨ। ਭਾਵੇਂ ਔਗੁਣਾਂ ਤੋਂ ਪੂਰੀ ਤਰ੍ਹਾਂ ਰਹਿਤ, ਅਤੇ ਪੂਰਨ ਗਿਆਨਵਾਨ ਤੇ ਸਰਬ ਗੁਣ ਸੰਪੰਨ ਗ੍ਰੰਥੀ ਮਿਲਣੇ ਆਸਾਨ ਕੰਮ ਨਹੀਂ ਪਰ ਜੇ ਪ੍ਰਬੰਧਕ ਇਸ ਗੱਲ ਨੂੰ ਮੁਖ ਰਖਣ ਕਿ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਵਜ਼ੀਰ ਚੁਣਨਾ ਹੈ, ਜਿਸ ਨੂੰ ਸਭ ਸੰਗਤਾਂ ਨੇ ਆਦਰ ਨਾਲ ਸਿਰ ਝੁਕਾਉਣਾ ਹੈ ਤਾਂ ਉਹ ਮਨੁਖਾਂ ਦੀ ਆਮ ਪੱਧਰ ਨਾਲੋਂ ਉਚੇ ਆਚਰਣ, ਅਤੇ ਵਧੇਰੇ ਸ਼ੁਭ ਗੁਣ ਰਖਣ ਵਾਲੇ ਵਿਅਕਤੀ ਦੀ ਭਾਲ ਕਰ ਸਕਦੇ ਹਨ।

ਇਸ ਦੇ ਉਲਟ ਕਈ ਪ੍ਰਬੰਧਕਾਂ ਦੇ ਦਿਲ ਵਿਚ ਇਹ ਖ਼ਿਆਲ ਹੁੰਦਾ ਹੈ ਕਿ ਗ੍ਰੰਥੀ ਨਿਰਪੱਖ, ਨਿਧੜਕ ਤੇ ਔਗੁਣਾਂ ਤੋਂ ਰਹਿਤ ਹੋਇਆ ਤਾਂ ਉਹ ਸਾਡੀਆਂ ਕਮਜ਼ੋਰੀਆਂ ਤੇ ਪੜਦਾ ਨਹੀਂ ਪਾਵੇਗਾ ਤੇ ਸਾਡੀ ਖੁਸ਼ਾਮਦ ਨਹੀਂ ਕਰੇਗਾ, ਇਸ ਲਈ ਕਿਉਂ ਨਾ ਐਸਾ ਵਿਅਕਤੀ ਚੁਣਿਆ ਜਾਵੇ ਜੋ ਸਾਡੇ ਵਰਗੀਆਂ ਕਮਜ਼ੋਰੀਆਂ ਵਿਚ ਗ੍ਰਸਿਆ ਹੋਵੇ ਤੇ ਸਾਡੇ ਸਾਹਮਣੇ ਬੋਲ ਨਾ ਸਕੇ ਤੇ ਸਾਥੋਂ ਹਰ ਸਮੇਂ ਡਰਦਾ ਰਹੇ। ਜਦੋਂ ਨਿਯੁਕਤੀ ਕਰਨ ਵਾਲੇ ਪ੍ਰਬੰਧਕਾਂ ਦੀ ਨੀਜਤ ਹੀ ਸਾਫ ਨਹੀਂ ਤਾਂ ਇਸ ਵਿਚ ਕਸੂਰ ਕਿਸ ਦਾ ਹੈ ? ਕਈ ਪ੍ਰਬੰਧਕ ਆਖਦੇ ਹਨ, ਗ੍ਰੰਥੀ ਨੇ ਗੁਰ-ਦੁਆਰੇ ਵਿਚ ਝਾੜੂ ਦੇਣਾ ਜਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਸੁਖ-ਆਸਨ ਹੀ ਕਰਨਾ ਹੈ ਨਾ, ਇਸ ਵਿਚ ਕਿਸੇ ਉਚੇਰੀ ਯੋਗਤਾ ਦੀ ਕੀ ਲੋੜ ਹੈ ? ਇਹੋ ਜਿਹੀ ਘਟੀਆ ਸੋਚ ਦੇ ਪ੍ਰਬੰਧਕ ਇਹ ਨਹੀਂ ਜਾਣਦੇ ਕਿ ਜਿਸ ਵਿਅਕਤੀ ਨੇ ਲੋਕਾਂ ਨੂੰ ਗੁਰਬਾਣੀ ਦੇ ਅਰਥ ਸਮਝਾਉਣੇ, ਗੁਰਮਤਿ ਦਾ ਸਹੀ ਗਿਆਨ ਦੇਣਾ ਤੇ ਉਪਦੇਸ਼ ਕਰਨਾ ਹੈ ਉਸ ਵਿਚ ਜੇ ਉਚੀ ਯੋਗਤਾ ਨਹੀਂ ਹੋਵੇਗੀ ਤਾਂ ਉਹ ਤੁਹਾਡੇ ਜੀਵਨ-ਪੱਧਰ ਨੂੰ ਉੱਚਾ ਕਿਵੇਂ ਕਰੇਗਾ ?

ਅਸਲ ਵਿਚ ਜਿਹੋ ਜਿਹੀ ਆਮ ਜਨਤਾ ਹੁੰਦੀ ਹੈ ਉਹ ਆਪਣੇ ਉਹੋ ਜਿਹੇ ਹੀ ਆਗੂ ਚੁਣ ਲੈਂਦੀ ਹੈ, ਅਤੇ ਜਦੋਂ ਉਹ ਆਪ-ਹੁਦਰੀਆਂ ਕਰਨ ਲਗਦੇ ਹਨ ਤਾਂ ਲੋਕ ਰੌਲਾ ਪਾਉਂਦੇ ਹਨ ਕਿ ਸਾਡੇ ਆਗੂ ਬੜੇ ਭੈੜੇ ਹਨ। ਪਰ ਸਵਾਲ ਤਾਂ ਇਹ ਹੈ ਕਿ ਭੈੜੇ ਆਗੂ ਚੁਣੇ ਕਿਸ ਦੇ ਹਨ ? ਜੇ ਸ਼ਰਾਬ ਦੀ ਬੋਤਲ ਜਾਂ ਚੰਦ ਨੋਟਾਂ ਲਈ ਭਾਰਤ ਦਾ ਨਾਗਰਿਕ ਆਪਣੀ ਵੋਟ ਦੇ ਹੱਕ ਦੀ ਗ਼ਲਤ ਵਰਤੋਂ ਕਰਦਾ ਹੈ ਤਾਂ ਉਹ ਆਪਣੇ ਪੈਰਾਂ ਉਤੇ ਆਪ ਹੀ ਕੁਹਾੜਾ ਮਾਰਦਾ ਹੈ। ਇਸ ਵਿਚ ਕਿਸੇ ਦਾ ਕੀ ਦੋਸ਼ ਹੈ ? ਇਸੇ ਤਰ੍ਹਾਂ ਜੇ ਆਮ ਲੋਕ ਧਾਰਮਿਕ ਰੁਚੀਆਂ ਨਹੀਂ ਰਖਦੇ, ਸ਼ਰਾਬ ਆਦਿਕ ਨਸ਼ਿਆਂ ਦੀ ਵਰਤੋਂ ਕਰ ਕੇ ਲੜਾਈਆਂ ਝਗੜਿਆਂ ਤੇ ਮੁਕੱਦਮੇ-ਬਾਜ਼ੀ ਵਿਚ ਹੀ ਉਲਝੇ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਇਨ੍ਹਾਂ ਬੁਰਾਈਆਂ ਤੋਂ ਬਚਾਉਣ ਵਾਲੇ ਗ੍ਰੰਥੀ ਸਿੰਘ ਤਾਂ ਐਸੇ ਹੋਣੇ ਚਾਹੀਦੇ ਹਨ ਜੋ ਲੋਕਾਂ ਨੂੰ ਬੁਰੇ ਕੰਮਾਂ ਤੋਂ ਨਿਧੜਕ ਹੋ ਕੇ ਮੋੜ ਸਕਣ ਤੇ ਸਿੱਖੀ ਦਾ ਸਹੀ ਢੰਗ ਨਾਲ ਪ੍ਰਚਾਰ ਕਰ ਕੇ ਸਮਾਜਕ ਬੁਰਾਈਆਂ ਵਿਰੁਧ ਜੂਝ ਸਕਣ। ਸਮਾਜ ਨੂੰ ਕਿਸੇ ਖ਼ਾਸ ਆਦਰਸ਼ ਦੇ ਸੱਚੇ ਵਿਚ ਢਾਲਣ ਵਾਲੇ ਗ੍ਰੰਥੀ ਸਾਨੂੰ ਮਿਲ ਨਹੀਂ ਰਹੇ ਤਾਂ ਇਸ ਦੇ ਵੀ ਕਾਰਨ ਲਭਣੇ ਚਾਹੀਦੇ ਹਨ ਕਿ ਇਹ ਘਾਟ ਕਿਵੇਂ ਪੂਰੀ ਹੋ ਸਕਦੀ ਹੈ ?

## *ਗ੍ਰੰਥੀ ਸਿੰਘਾਂ ਦੀ ਟ੍ਰੇਨਿੰਗ—*

ਇਸ ਸਮੇਂ ਸਿਖ ਕੌਮ ਪਾਸ ਕੋਈ ਐਸਾ ਵਡਾ ਟ੍ਰੇਨਿੰਗ ਸੈਂਟਰ ਨਹੀਂ ਜਿਥੋਂ ਟ੍ਰੇਨਿੰਗ ਦੇ ਕੇ ਪੂਰੀ ਯੋਗਤਾ ਰਖਣ ਵਾਲੇ ਗ੍ਰੰਥੀ ਸਿੰਘ ਤਿਆਰ ਕੀਤੇ ਜਾ ਸਕਣ। ਇਹ ਫ਼ਰਜ਼ ਸਿਖ ਪੰਥ ਦੀਆਂ ਕੇਂਦਰੀ ਸੰਸਥਾਵਾਂ ਸ਼੍ਰੋ: ਗੁ: ਪ੍ਰ: ਕਮੇਟੀ, ਚੀਫ ਖਾਲਸਾ ਦੀਵਾਨ, ਗੁਰੂ ਨਾਨਕ ਫ਼ਾਊਂਡੇਸ਼ਨ, ਗੁਰੂ ਗੋਬਿੰਦ ਸਿੰਘ ਫਾਊਂ-ਡੇਸ਼ਨ ਤੇ ਕੇਂਦਰੀ ਸਿੰਘ ਸਭਾ ਕਮੇਟੀ ਆਦਿਕਾਂ ਦਾ ਹੈ। ਸੰਸਾਰ ਦੇ ਕਈ ਹੋਰ ਧਰਮਾਂ ਵਲੋਂ ਧਰਮ ਦੀ ਸਿਖਿਆ ਦੇਣ ਵਾਲੇ ਉਪਦੇਸ਼ਕ ਤਿਆਰ ਕਰਨ ਲਈ ਬੜੀ ਉੱਚੀ ਪੱਧਰ ਦੇ ਕੇਂਦਰ ਖੋਲ੍ਹੇ ਹੋਏ ਹਨ ਤੇ ਉਨ੍ਹਾਂ ਦੀਆਂ ਰੁਚੀਆਂ ਦੀ ਬਚਪਨ ਤੋਂ ਹੀ ਘੋਖ ਕਰ ਕੇ, ਜਿਹੜੇ ਵਿਸ਼ੇਸ਼ ਧਾਰਮਕ ਰੁਚੀਆਂ ਰਖਣ


www.AKJ.Org

ਵਾਲੇ ਜਾਂ ਧਰਮ ਦੀ ਖ਼ਾਤਰ ਜੀਵਨ ਅਰਪਣ ਕਰਨ ਵਾਲੇ ਹੁੰਦੇ ਹਨ, ਉਨ੍ਹਾਂ ਨੂੰ ਉਸੇ ਤਰ੍ਹਾਂ ਹੀ ਤਿਆਰ ਕੀਤਾ ਜਾਂਦਾ ਹੈ, ਜਿਵੇਂ ਡਾਕਟਰ, ਪ੍ਰੋਫੈਸਰ, ਵਕੀਲ ਜਾਂ ਇੰਜੀਨੀਅਰ ਆਦਿਕ ਤਿਆਰ ਕੀਤੇ ਜਾਂਦੇ ਹਨ। ਇਹ ਗਲ ਕੇਵਲ ਸਿੱਖਾਂ ਵਿਚ ਹੀ ਹੈ ਕਿ ਧਰਮ ਦਾ ਉਪਦੇਸ਼ ਕਰਨ ਲਈ ਕਿਸੇ ਵਿਸ਼ੇਸ਼ ਪ੍ਰਕਾਰ ਦੀ ਟ੍ਰੇਨਿੰਗ ਲਏ ਤੋਂ ਬਿਨਾ ਹੀ ਲੋਕ ਧਾਰਮਕ ਸਟੇਜ ਤੇ ਬੋਲਣ ਜਾਂ ਗੁਰਬਾਣੀ ਦੀ ਵਿਆਖਿਆ ਕਰਨ ਲਈ ਖੜੇ ਹੋ ਜਾਂਦੇ ਹਨ। ਉਹ ਜੋ ਜੀਅ ਵਿਚ ਆਉਂਦਾ ਹੈ, ਸੁਣਾ ਕੇ ਤੁਰ ਜਾਂਦੇ ਹਨ। ਕਿਤਨੀ ਹੈਰਾਨੀ ਭਰੀ ਗੱਲ ਹੈ ਕਿ ਸਰੀਰਕ ਵਿਗਿਆਨ ਦੇ ਮਾਹਰਾਂ ਨੂੰ ਤਾਂ ਪੂਰੀ ਟ੍ਰੇਨਿੰਗ ਦਿਤੀ ਜਾਵੇ ਤੇ ਉਚੀਆਂ ਤੋਂ ਉਚੀਆਂ ਡਿਗਰੀਆਂ ਦਿਵਾਈਆਂ ਜਾਣ, ਪ੍ਰੰਤੂ ਆਤਮਕ ਗਿਆਨ ਦੇਣ ਵਾਲਿਆਂ ਦੀ ਯੋਗਤਾ ਦਾ ਮਿਆਰ ਹੀ ਨਾ ਮਿਥਿਆ ਜਾਵੇ ? ਕੌਮ ਦੀ ਇਸ ਕਮਜ਼ੋਰੀ ਦਾ ਫ਼ਾਇਦਾ ਉਠਾ ਕੇ ਨਕਲੀ ਨਿਰੰਕਾਰੀਆਂ ਵਰਗੇ ਲੋਕ ਗੁਰੂ-ਡੰਮ ਤੇ ਪਖੰਡ-ਜਾਲ ਫੈਲਾਣ ਵਿਚ ਅਤੇ ਲੋਕਾਂ ਨੂੰ ਸਮਾਜਕ ਬੁਰਾਈਆਂ ਵਲ ਧਕੇਲਣ ਵਿਚ ਸਫਲ ਹੋ ਜਾਂਦੇ ਹਨ, ਅਤੇ ਕੌਮ ਦੀਆਂ ਇਤਿਹਾਸਕ ਰਵਾਇਤਾਂ ਦਾ ਮਖੌਲ ਉਡਾਂਦੇ ਹਨ। ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਮ ਜਨਤਾ ਦੀ ਇਸ ਦਸ਼ਾ ਦਾ ਵਰਣਨ ਕਰਦੇ ਹੋਏ ਲਿਖਿਆ ਹੈ :—

> ਕਲਿ ਆਈ ਕੁਤੇ ਮੁਹੀ ਖਾਜੁ ਹੋਆ ਮੁਰਦਾਰ ਗੁਸਾਈ ॥ ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ॥ ਪਰਜਾ ਅੰਧੀ ਗਿਆਨ ਬਿਨੁ, ਕੂੜ ਕੁਸੱਤ ਮੁਖਹੁ ਆਲਾਈ ॥ [ਵਾਰ ੧, ਪਉੜੀ ੩੦

ਗੁਰਬਾਣੀ ਵਿਚ ਫੁਰਮਾਇਆ ਹੈ : -

> ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ ॥ ਓਇ ਭਾਣੈ ਚਲਨਿ ਆਪਣੈ ਨਿਤ ਝੂਠੋ ਝੂਠੁ ਬੋਲੇਨਿ... ॥੨॥(੧੦)
>
> [ਰਾਮਕਲੀ ਕੀ ਵਾਰ, ਪੰਨਾ ੯੫੧

ਲੋਕਾਂ ਨੂੰ ਇਸ ਤਰ੍ਹਾਂ ਦੀ ਗਿਰਾਵਟ ਵਾਲੀ ਦਸ਼ਾ ਵਿਚੋਂ ਕੱਢ ਕੇ ਇਕ ਨਰੋਏ ਤੇ ਸੁਲਝੇ ਹੋਏ ਸਮਾਜ ਦੀ ਰਚਨਾ ਕਰਨ ਲਈ ਅਤੇ ਧਰਮ ਦੀਆਂ ਉਚੀਆਂ ਤੇ ਸੁਚੀਆਂ ਕਦਰਾਂ ਕੀਮਤਾਂ ਨੂੰ ਮੁੜ ਸਥਾਪਨ ਕਰਨ ਲਈ ਧਰਮ-ਉਪਦੇਸ਼ ਕਰਨ ਵਾਲਿਆਂ, ਗ੍ਰੰਥੀਆ ਅਤੇ ਪ੍ਰਚਾਰਕਾਂ ਦੀ ਟ੍ਰੇਨਿੰਗ ਦਾ ਉਚਾ ਮਿਆਰ ਮਿਥਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਪੂਰੀ ਟ੍ਰੇਨਿੰਗ ਤੇ ਉਚੀਆਂ ਡਿਗਰੀਆਂ ਦੇ ਕੇ ਹੀ ਧਾਰਮਕ ਪਦਵੀਆਂ ਤੇ ਸੁਸ਼ੋਭਤ ਕਰਨਾ ਚਾਹੀਦਾ ਹੈ। ਬਦੇਸ਼ਾਂ ਵਿਚ ਕਈ ਇਤਨੇ ਵਡੇ ਗੁਰਦੁਆਰੇ ਹਨ ਜਿਨ੍ਹਾਂ ਦੀ ਲਖਾਂ ਕਰੋੜਾਂ ਰੁਪਏ ਦੇ ਬਰਾਬਰ ਆਮਦਨ ਹੈ। ਉਹ ਪ੍ਰਚਾਰਕਾਂ ਤੇ ਗ੍ਰੰਥੀਆਂ ਨੂੰ ਡਾਕਟਰਾਂ ਤੇ ਪ੍ਰੋਫੈਸਰਾਂ ਦੇ ਬਰਾਬਰ ਤਨਖ਼ਾਹ ਦੇ ਸਕਦੇ ਹਨ, ਕਰ ਸ਼ਰਤ ਇਹ ਹੈ ਕਿ ਉਨ੍ਹਾਂ ਦੀ ਯੋਗਤਾ ਅਤੇ ਪੜ੍ਹਾਈ ਵੀ ਉਚ ਪੱਧਰੀ ਹੋਣੀ ਚਾਹੀਦੀ ਹੈ। ਇਸ ਜ਼ਰੂਰੀ ਮਸਲੇ ਵਲ ਹੁਣ ਤਕ ਬਹੁਤ ਘੱਟ ਧਿਆਨ ਦਿਤਾ ਗਿਆ ਹੈ। ਜੋ ਉਪਰਾਲੇ ਸ਼ਹੀਦ ਸਿਖ ਮਿਸ਼ਨਰੀ ਕਾਲਜ ਅੰਮ੍ਰਿਤਸਰ, ਅਤੇ ਗੁਰਮਤਿ ਕਾਲਜ ਪਟਿਆਲਾ ਦੇ ਰੂਪ ਵਿਚ ਹੋਏ ਹਨ, ਉਹ ਸਮੇਂ ਦੀਆਂ ਲੋੜਾਂ ਪੂਰੀਆਂ ਨਹੀਂ ਕਰ ਸਕਦੇ।

## ਸਿਖ ਧਰਮ ਦਾ ਭਵਿਖ ਤੇ ਗ੍ਰੰਥੀ—

ਜਿਸ ਤੇਜ਼ੀ ਨਾਲ ਸਿਖ ਧਰਮ ਦਾ ਪ੍ਰਚਾਰ ਤੇ ਪਸਾਰ ਹੋ ਰਿਹਾ ਹੈ ਉਸ ਨੂੰ ਵੇਖਦੇ ਹੋਏ ਇਹ ਗੱਲ ਭਰੋਸੇ ਨਾਲ ਕਹੀ ਜਾ ਸਕਦੀ ਹੈ ਕਿ ਗ੍ਰੰਥੀਆਂ ਅਤੇ ਪ੍ਰਚਾਰਕਾਂ ਦਾ ਭਵਿਖਤ ਬੜਾ ਰੋਸ਼ਨ ਹੈ। ਸਿਖ ਇਸ ਸਮੇਂ ਕੌਮਾਂਤ੍ਰੀ ਪੱਧਰ ਦੀ ਇਕ ਅਗੇ-ਵਧੂ ਕੌਮ ਦੇ ਰੂਪ ਵਿਚ ਵਧ ਫੁਲ ਰਹੇ ਹਨ। ਸਿਖ ਧਰਮ ਨਵੀਨਤਮ ਧਰਮ ਹੋਣ ਕਰਕੇ ਆਪਣੇ ਅੰਦਰ ਧਰਮ ਦੇ ਬੜੇ ਉਚੇ ਤੇ ਉਤਮ ਗੁਣ ਰਖਦਾ ਹੈ ਅਤੇ ਇਸ ਪਾਸ ਗੁਰਬਾਣੀ, ਗੁਰ-ਇਤਿਹਾਸ, ਅਤੇ ਕੀਰਤਨ ਵਰਗੇ ਰੂਹਾਨੀਅਤ ਦੇ ਉਹ ਅਨਮੋਲ ਖ਼ਜ਼ਾਨੇ ਹਨ ਜਿਨ੍ਹਾਂ ਵਰਗੇ ਹੋਰ ਕਿਸੇ ਧਰਮ ਪਾਸ ਨਹੀਂ। ਇਸ ਦੀਆਂ ਇਤਿਹਾਸਕ ਰਵਾਇਤਾਂ ਵੀ ਸਾਰੀ ਦੁਨੀਆ ਨਾਲੋਂ ਨਿਰਾਲੀਆਂ ਹਨ ਅਤੇ ਖਾਲਸੇ ਦਾ



www.AKJ.Org

ਸਰੂਪ ਵੀ ਵਿਲੱਖਣ ਹੋਣ ਕਰਕੇ ਆਪਣੇ ਅੰਦਰ ਖਾਸ ਖਿੱਚ ਰਖਦਾ ਹੈ। ਪ੍ਰੰਤੂ ਇਨ੍ਹਾਂ ਸਾਰੀਆਂ ਚੀਜ਼ਾਂ ਦੀ ਵਿਸ਼ੇਸ਼ਤਾ ਦਰਸਾਉਣ ਲਈ ਐਸੇ ਸੂਝਵਾਨ ਤੇ ਗਿਆਨਵਾਨ ਪ੍ਰਚਾਰਕਾਂ, ਗ੍ਰੰਥੀਆਂ ਤੇ ਕੀਰਤਨੀਆਂ ਦੀ ਲੋੜ ਹੈ ਜਿਹੜੇ ਸਿੱਖੀ ਦੇ ਝੰਡੇ ਸਾਰੀ ਦੁਨੀਆ ਵਿਚ ਝੁਲਾਣ ਦੀ ਤੀਬਰ ਲਗਨ ਰਖਦੇ ਹੋਣ ਤੇ ਪ੍ਰਚਾਰ ਲਈ ਆਪਣਾ ਜੀਵਨ ਅਰਪਣ ਕਰਨ ਲਈ ਤਿਆਰ ਹੋਣ।

ਹਰ ਚੀਜ਼ ਦੇ ਦੋ ਪਾਸੇ ਹੁੰਦੇ ਹਨ। ਇਸ ਲੇਖ ਵਿਚ ਅਸੀਂ ਰੌਸ਼ਨ ਪਹਿਲੂ ਹੀ ਪੇਸ਼ ਕੀਤਾ ਹੈ। ਸਾਡੇ ਗੁਰਦੁਆਰਿਆਂ ਦੇ ਪ੍ਰਬੰਧਕਾਂ, ਪ੍ਰਚਾਰਕ ਸ਼੍ਰੇਣੀਆਂ, ਗ੍ਰੰਥੀਆਂ, ਰਾਗੀਆਂ, ਢਾਡੀਆਂ, ਉਪਦੇਸ਼ਕਾਂ ਆਦਿ ਵਿਚ ਜੋ ਆਚਰਣਕ ਤੇ ਇਨਸਾਨੀਅਤ ਦੇ ਪਖੋਂ ਕਮਜ਼ੋਰੀਆਂ ਆ ਚੁਕੀਆਂ ਹਨ ਉਨ੍ਹਾਂ ਦਾ ਵਰਣਨ ਇਸ ਕਰਕੇ ਨਹੀਂ ਕੀਤਾ ਗਿਆ ਕਿ ਕੌਮ ਤਾਂ ਅਗੇ ਹੀ ਨਿਰਾਸ਼ਾ-ਵਾਦ ਦਾ ਸ਼ਿਕਾਰ ਹੋ ਚੁਕੀ ਹੈ। ਜੇ ਇਸ ਨੂੰ ਢਾਰਸ, ਹੌਂਸਲਾ ਅਤੇ ਉਤਸ਼ਾਹ ਦੇ ਕੇ ਖੜਾ ਨਾ ਕੀਤਾ ਗਿਆ ਤਾਂ ਇਸ ਦੀ ਹੋਂਦ ਵੀ ਖ਼ਤਰੇ ਵਿਚ ਪੈ ਜਾਂਵੇਗੀ। ਜੋ ਕਮਜ਼ੋਰੀਆਂ ਹਨ ਉਹ ਅਸੀਂ ਸਾਰੇ ਜਾਣਦੇ ਹਾਂ, ਪਰ ਉਨ੍ਹਾਂ ਕਮਜ਼ੋਰੀਆਂ ਦਾ ਢੰਡੋਰਾ ਪਿਟਣ ਦੀ ਲੋੜ ਨਹੀਂ। ਆਪਣੇ ਦਿਲਾਂ ਵਿਚ ਕੰਘੀ ਮਾਰ ਕੇ :—

ਸਾਂਝ ਕਰੀਜੈ ਗੁਣਹ ਕੇਰੀ
ਛੋਡਿ ਅਵਗਣ ਚਲੀਐ॥ (ਪੰਨਾ ੭੬੬)

ਦੇ ਮਹਾਂਵਾਕ ਤੇ ਅਮਲ ਕਰਨਾ ਹੀ ਯੋਗ ਹੈ ਅਤੇ ਕੌਮ ਦੀ ਬਿਗੜੀ ਬਣਾਉਣ ਲਈ ਸਾਰੇ ਗੁਰਸਿਖਾਂ ਨੂੰ ਮਿਲ ਕੇ ਹੰਭਲਾ ਮਾਰਨਾ ਚਾਹੀਦਾ ਹੈ। ਹਰ ਇਕ ਗੁਰਸਿਖ ਨੂੰ ਹੀ ਆਪਣੇ ਆਪ ਨੂੰ ਪ੍ਰਚਾਰਕ ਸਮਝਣਾ ਚਾਹੀਦਾ ਹੈ ਅਤੇ ਮਨ ਬਚ ਕਰਮ ਕਰਕੇ ਗੁਰਮਤਿ ਦੇ ਪ੍ਰਚਾਰ ਲਈ ਉਪਰਾਲੇ ਕਰਨੇ ਚਾਹੀਦੇ ਹਨ।

---

## 'ਸੂਰਾ' ਮਾਸਕ ਪੱਤਰ ਦੀ ਮਾਲਕੀ ਆਦਿ ਤੱਥਾਂ ਦੇ ਵੇਰਵਾ


ਫ਼ਾਰਮ ੪ (ਰੂਲ ੮)

| | |
|---|---|
| ੧. ਪ੍ਰਕਾਸ਼ਤ ਹੋਣ ਦੀ ਥਾਂ | ਅੰਮ੍ਰਿਤਸਰ |
| ੨. ਪ੍ਰਕਾਸ਼ਨ ਸਮਾਂ | ਮਾਸਕ ਪੱਤਰ |
| ੩. ੪. ੫. ਪ੍ਰਿੰਟਰ, ਪਬਲਿਸ਼ਰ, ਸੰਪਾਦਕ— ਨਾਂ, ਕੌਮੀਅਤ ਤੇ ਪਤਾ | ਸੇਵਾ ਸਿੰਘ, ਭਾਰਤੀ, ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ |
| ੬. ਮਾਲਕ | ਅਖੰਡ ਕੀਰਤਨੀ ਜਥਾ ਜਥੇਦਾਰ ਭਾ: ਰਾਮ ਸਿੰਘ ਜੀ ਸੁਕੈਡਰਨ ਲੀਡਰ (ਰੀ:) ੧੦੨-ਰਾਣੀ ਕਾ ਬਾਗ, ਅੰਮ੍ਰਿਤਸਰ |

ਮੈਂ ਸੇਵਾ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਭਰੋਸੇ ਅਨੁਸਾਰ ਪੂਰੀ ਤਰ੍ਹਾਂ ਠੀਕ ਹੈ।

ਤਰੀਕ ੧. ੩. ੭੯ — ਦਸਖ਼ਤ ਪਬਲਿਸ਼ਰ—ਸੇਵਾ ਸਿੰਘ


## ਡਾਲੋਮਾਜਰਾ ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਹਰ ਸਾਲ ਵਾਂਗ ਪਿੰਡ ਡਾਲੋਮਾਜਰਾ (ਸਰਹੰਦ ਤੇ ਰਾਜਪੁਰਾ ਦੇ ਦਰਮਿਆਨ ਜੀ. ਟੀ. ਰੋਡ ਤੇ) ਵਿਖੇ ੨੪ ਮਾਰਚ ਸ਼ਨੀਵਾਰ ਨੂੰ ਅੰਮ੍ਰਿਤ ਵੇਲੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਦੁਪਹਿਰ ਤਕ ਕੀਰਤਨ ਹੋਣਗੇ। ਰਾਤ ਨੂੰ ਅੰਮ੍ਰਿਤ ਸਿੰਚਾਰ ਤੇ ਰੈਣ ਸਬਾਈ ਕੀਰਤਨ ਹੋਣਗੇ। ਸਮੂਹ ਸੰਗਤਾਂ ਪੁਜ ਕੇ ਲਾਭ ਉਠਾਉਣ।

ਦਰਸ਼ਨ ਅਭਿਲਾਖੀ—ਸੰਗਤ ਪਿੰਡ ਡਾਲੋਮਾਜਰਾ ਜ਼ਿਲਾ ਪਟਿਆਲਾ

 www.AKJ.Org

# ਮਾਤਾ ਸੁਲੱਖਣੀ ਜੀ ਦੀ ਗੁਰੂ ਘਰ ਵਿਚ ਮਹੱਤਤਾ

[ਵਲੋਂ—ਸੁਕੈਡਰਨ ਲੀਡਰ ਭਾਈ ਰਾਮ ਸਿੰਘ ਜੀ]

ਬਾਬਾ ਨੌਧ ਸਿੰਘ ਜੀ ਅਤੇ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਅਸਥਾਨਾਂ ਦੇ ਨਜ਼ਦੀਕ ਚੱਬੇ ਨਾਮ ਦਾ ਇਕ ਪਿੰਡ ਵਸਦਾ ਹੈ। ਇਹ ਪਿੰਡ ਅੰਮ੍ਰਿਤ-ਸਰ ਜੀ ਤੋਂ ਤਰਨ-ਤਾਰਨ ਸਾਹਿਬ ਵਲ ਜਾਣ ਵਾਲੀ ਸੜਕ ਉੱਤੇ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਏਥੇ ਸੁਲੱਖਣੀ ਨਾਮ ਦੀ ਇਕ ਜ਼ਿਮੀਦਾਰ ਮਾਈ ਵਸਦੀ ਸੀ। ਇਸ ਦੇ ਪਾਸ ਜ਼ਮੀਨ ਬਹੁਤ ਸੀ, ਪਰ ਔਲਾਦ ਦੀ ਕਮੀ ਸੀ। ਔਲਾਦ ਦੀ ਖਾਤਰ ਇਸ ਮਾਈ ਨੇ ਬਹੁਤ ਸਾਧਨ ਸਾਧੇ--ਵਰਤ ਰੱਖੇ, ਦੇਵੀ ਦੇਵਤਿਆਂ ਦੀ ਪੂਜਾ ਕੀਤੀ, ਮੜ੍ਹੀ ਮਸਾਣੀਂ ਗਈ, ਗੁੱਗਾ ਪੀਰ ਮਨਾਇਆ, ਪੁੰਨ ਦਾਨ ਕੀਤੇ, ਹਵਨ ਕੀਤੇ, ਤੀਰਥਾਂ ਤੇ ਗਈ, ਬਹੁਤ ਸੁੱਖਣਾਂ ਸੁਖੀਆਂ; ਪਰ ਮਨ ਦੀ ਮੁਰਾਦ ਪੂਰੀ ਨਾ ਹੋਈ। ਇਸ ਤਰ੍ਹਾ ਜਫਰ ਜਾਲਦੀ ਨੂੰ ਜੁਆਨੀ ਦੀਆਂ ਸ਼ਾਮਾਂ ਆ ਗਈਆਂ ਅਤੇ ਪੂਰਨ ਨਿਰਾਸਤਾ ਨਾਲ ਘਰ ਬੈਠ ਗਈ।

੨. ਇਨੀਂ ਦਿਨੀਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅੰਮ੍ਰਿਤਸਰ ਆਏ ਹੋਏ ਸਨ। ਇਕ ਦਿਨ ਅਚਨਚੇਤ ਹੀ ਰਸਤੇ ਤੁਰੀ ਜਾਂਦੀ ਮਾਈ ਸੁਲੱਖਣੀ ਉੱਤੇ ਭਾਈ ਗੁਰਦਾਸ ਜੀ ਦੀ ਨਿਗਾਹ ਪੈ ਗਈ। ਭਾਈ ਗੁਰਦਾਸ ਜੀ ਨੂੰ ਇਸ ਮਾਈ ਦੀ ਦੌੜ ਭੱਜ ਦਾ ਪਤਾ ਸੀ। ਪੁੱਛਣ ਲੱਗੇ, ਸੁਣਾ ਮਾਈ, ਕਿਤਿਓਂ ਆਸ ਬੱਝੀ? ਮਾਈ ਜੀ ਨੇ ਹੌਕਾ ਭਰ ਕੇ ਉੱਤਰ ਦਿਤਾ, "ਹੁਣ ਤਾਂ ਸਭ ਆਸਾਂ ਖਤਮ ਹੋ ਚੁਕੀਆਂ ਹਨ। ਕੋਈ ਥਾਂ ਛੱਡੀ ਨਹੀਂ। ਕੋਈ ਮਨੌਤ ਬਾਕੀ ਨਹੀਂ ਰਹੀ।" ਭਾਈ ਸਾਹਿਬ ਕਹਿਣ ਲਗੇ, "ਮਾਈ ਨਿਰਾਸ ਨਾ ਹੋ। ਪੁੱਤਰ ਦੀ ਦਾਤ ਦੇਣ ਵਾਲੇ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ) ਅੰਮ੍ਰਿਤਸਰ ਸਾਹਿਬ ਆਏ ਹੋਏ ਨੀਂ। ਉਨ੍ਹਾਂ ਦੀ ਚਰਨੀਂ ਜਾ ਪਉ। ਬੜੇ ਦਇਆਲੂ ਨੀਂ। ਪੁੱਤਰ ਦੀ ਦਾਤ ਬਖਸ਼ ਦੇਣਗੇ।"

੩. ਭਾਈ ਸਾਹਿਬ ਜੀ ਦੇ ਸੁਭ ਬਚਨ ਸੁਣ ਕੇ ਮਾਤਾ ਸੁਲੱਖਣੀ ਜੀ ਦੇ ਹਿਰਦੇ ਅੰਦਰ ਉਮੀਦ ਨੇ ਫਿਰ ਸਿਰ ਚੁਕ ਲਿਆ। ਅਗਲੇ ਦਿਨ ਹੀ ਮਾਤਾ ਜੀ ਨੇ ਆ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ, ਅਤੇ ਪੁੱਤਰ ਦੀ ਦਾਤ ਲਈ ਬੇਨਤੀ ਕੀਤੀ। ਗੁਰੂ ਜੀ ਬੋਲੇ, "ਮਾਈ ਤੇਰੀ ਕਿਸਮਤ ਵਿਚ ਪੁਤਰ ਲਿਖਿਆ ਹੀ ਨਹੀਂ ਹੈ।" ਤਾਂ ਮਾਤਾ ਸੁਲੱਖਣੀ ਬਿਲਕੁਲ ਹੀ ਢੇਰੀ ਢਾਹ ਕੇ ਘਰ ਵਾਪਸ ਆ ਗਈ। ਭਾਈ ਗੁਰਦਾਸ ਜੀ ਨੇ ਉਚੇਚੇ ਤੌਰ ਤੇ ਮਾਤਾ ਜੀ ਦੇ ਘਰ ਜਾ ਕੇ ਪੁਛਿਆ, "ਮਾਈ ਜੀ ਸੁਣਾਓ, ਗੁਰੂ ਜੀ ਨੇ ਕੀ ਕਿਹਾ?" ਮਾਤਾ ਸੁਲੱਖਣੀ ਜੀ ਨੇ ਬੜੇ ਦੁਖੀ ਹਿਰਦੇ ਨਾਲ ਕਿਹਾ, ਗੁਰੂ ਜੀ ਕਹਿੰਦੇ ਸਨ ਮੇਰੀ ਕਿਸਮਤ ਵਿਚ ਪੁਤਰ ਹੈ ਹੀ ਨਹੀਂ।

੪. ਇਹ ਸੁਣ ਕੇ ਭਾਈ ਗੁਰਦਾਸ ਜੀ ਕਹਿਣ ਲੱਗੇ, "ਮਾਤਾ, ਤੂੰ ਫੇਰ ਇਕ ਵੇਰ ਜਾਹ, ਅਤੇ ਆਪਣੇ ਨਾਲ਼ ਕਲਮ, ਦਵਾਤ ਅਤੇ ਕਾਗਜ਼ ਲੈ ਜਾ। ਕੱਲ੍ਹ ਗੁਰੂ ਜੀ ਫਲਾਣੇ ਰਸਤੇ ਅੱਗੇ ਨੂੰ ਆ ਰਹੇ ਨੀ। ਤੂੰ ਉਨ੍ਹਾਂ ਨੂੰ ਰਸਤੇ ਵਿਚ ਹੀ ਜਾ ਮਿਲ, ਪਰਣਾਮ ਕਰਕੇ ਉਨ੍ਹਾਂ ਦੇ ਘੋੜੇ ਦੀ ਲਗਾਮ ਫੜ ਲਈਂ ਅਤੇ ਕਹੀਂ, 'ਹੇ ਕਿਰਪਾਲੂ ਗੁਰੂ ਜੀ, ਕਿਸਮਤ ਲਿਖਣ ਵਾਲੇ ਤੁਸੀਂ ਆਪ ਹੀ ਜੇ, ਜੇ ਅੱਗੇ ਨਹੀਂ ਲਿਖਿਆ ਤਾਂ ਹੁਣ ਇਕ ਪੁਤਰ ਲਿਖ ਦਿਓ'।"

ਮਾਤਾ ਜੀ ਨੇ ਇੰਜ ਹੀ ਕੀਤਾ। ਅਗਲੇ ਦਿਨ ਕਾਗਜ਼, ਕਲਮ ਅਤੇ ਦਵਾਤ ਲੈ ਕੇ ਗੁਰੂ ਜੀ ਨੂੰ ਰਸਤੇ ਵਿਚ ਹੀ ਜਾ ਮਿਲੀ। ਗੁਰੂ ਜੀ ਨੂੰ ਨਮਸ਼ਕਾਰ ਕਰ ਕੇ ਉਨ੍ਹਾਂ ਦੇ ਘੋੜੇ ਦੀ ਲਗਾਮ ਫੜ ਲਈਓ ਸੂ, ਅਤੇ ਕਹਿਣ ਲਗੀ "ਗੁਰੂ ਜੀ, ਮੈਨੂੰ ਇਕ ਪੁਤਰ



www.AKJ.Org

ਦੀ ਦਾਤ ਲਿਖ ਦਿਓ। ਅੱਗੇ ਵੀ ਤਾਂ ਤੁਸੀਂ ਹੀ ਲਿਖਣੀ ਸੀ। ਜੇ ਓਦੋਂ ਨਹੀਂ ਲਿਖੀ ਤਾਂ ਹੁਣ ਲਿਖ ਦਿਓ।'' ਗੁਰੂ ਜੀ ਕਹਿਣ ਲੱਗੇ ''ਮਾਈ ਤੂੰ ਕਿਸੇ ਡਾਢੇ ਦੀ ਪੜ੍ਹਾਈ ਹੋਈ ਆਈ ਹੋਈ ਏਂ। ਲਿਆ ਫੜਾ ਕਾਗਜ਼ ਅਤੇ ਕਲਮ, ਤੈਨੂੰ ਇਕ ਪੁਰਰ ਲਿਖ ਦੇਈਏ।'' ਵਾਹਿਗੁਰੂ।

੫. ਗੁਰੂ ਜੀ ਦਵਾਤ ਵਿਚੋਂ ਟੋਬਾ ਲੈ ਕੇ ਕਾਗਜ਼ ਉੱਤੇ ਏਕਾ (੧) ਪਾਉਣ ਹੀ ਲੱਗੇ ਸਨ ਕਿ ਗੁਰੂ ਜੀ ਦੇ ਘੋੜੇ ਨੇ ਅਗਲਾ ਸੁੰਮ (ਪੈਰ) ਚੁਕ ਕੇ ਖੜਾਕੇ ਨਾਲ ਧਰਤੀ ਤੇ ਰਖਿਆ ਅਤੇ ਨਾਲ ਹੀ ਆਪਣੀ ਗਰਦਨ ਭੀ ਹਿਲਾ ਦਿਤੀ । ਇਸ ਦੇ ਕਾਰਨ ਏਕੇ ਦਾ ਮੂੰਹ ਖੁਲ੍ਹਾ ਰਹਿ ਗਿਆ ਅਤੇ ਇਸ ਤਰ੍ਹਾਂ ਏਕੇ ਦੀ ਜਗ੍ਹਾ ਸਾਤਾ (੭) ਪੈ ਗਿਆ। ਤਾਂ ਗੁਰੂ ਜੀ ਨੇ ਕਿਹਾ, ''ਮਾਈ ਇਕ ਦੀ ਜਗ੍ਹਾ ਸੱਤ ਲਿਖੇ ਗਏ ਹਨ।'' ਮਾਤਾ ਜੀ ਕਹਿਣ ਲਗੇ ''ਜੀ ਠੀਕ ਹੀ ਲਿਖਿਆ ਗਿਆ ਹੈ । ਮੈਨੂੰ ਸਤਾਂ ਦੀ ਹੀ ਲੋੜ ਹੈ''। ਗੁਰੂ ਜੀ ਦਾ ਧੰਨਵਾਦ ਕਰਦੀ ਘਰ ਨੂੰ ਉੱਡੀ ਆਈ, ਮਾਨੋ ਉਸ ਦਾ ਪੈਰ ਹੀ ਧਰਤੀ ਤੇ ਨਾ ਲਗੇ। ਸਿੱਧੀ ਭਾਈ ਗੁਰਦਾਸ ਜੀ ਪਾਸ ਗਈ ਅਤੇ ਉਨ੍ਹਾਂ ਨੂੰ ਇਹ ਖੁਸ਼ੀ ਦੀ ਖ਼ਬਰ ਦੱਸੀ।

੬. ਮਾਤਾ ਜੀ ਦੇ ਘਰ ਸੱਤ ਪੁੱਤਰ ਹੋਏ, ਜਿਨ੍ਹਾਂ ਵਿਚੋਂ ਛੋਟੇ ਚੌਹਾਂ ਪੁਤਰਾਂ ਨੇ ਕਲਗੀਧਰ ਪਾਤਸ਼ਾਹ ਜੀ ਦੀ ਫੌਜ ਵਿਚ ਭਾਰੀ ਸੇਵਾ ਕੀਤੀ। ਇਹ ਪ੍ਰਸੰਗ ਤਾਂ ਆਪਾਂ ਸਭੇ ਹੀ ਜਾਣਦੇ ਹਾਂ। ਏਥੇ ਵਿਚਾਰਨ ਵਾਲੀ ਗੱਲ ਬੜੀ ਗੰਭੀਰ ਅਤੇ ਅਹਿਮ ਹੈ। ਉਹ ਇਹ ਹੈ ਕਿ ਗੁਰੂ ਸਾਹਿਬ ਸਾਰਿਆਂ ਜਾਮਿਆਂ ਵਿਚ ਹੀ ਵਰ ਦੇਂਦੇ ਰਹੇ। ਮਾਤਾ ਸੁਲੱਖਣੀ ਨੂੰ ਲਿਖਤੀ ਰੂਪ ਵਿਚ ਵਰ ਕਿਉਂ ਦਿਤਾ ? ਏਕੇ ਅਤੇ ਸਾਤੇ ਵਾਲੀ ਖੇਲ ਕਿਉਂ ਖੇਲੀ ? ਉਨ੍ਹਾਂ ਜ਼ਬਾਨੀ ਹੀ ਕਿਉਂ ਨਾ ਕਹਿ ਦਿਤਾ ਕਿ, ''ਤੈਨੂੰ ਇਕ ਪੁਤਰ ਬਖਸ਼ਿਆ'', ਜਾਂ ਅੱਛਾ, ਬੀਬੀ ਤੇਰੇ ਘਰ ਇਕ ਪੁਤਰ ਹੋਏਗਾ ?'' ਏਨੇ ਨਾਲ ਹੀ ਮਾਤਾ ਸੁਲੱਖਣੀ ਦੀ ਤਸੱਲੀ ਹੋ ਜਾਣੀ ਸੀ। ਪਰ ਇੰਜ ਕੀਤਾ ਨਾ । ਲਿਖ ਕੇ ਹੀ ਵਰ ਦਿਤਾ। ਅਤੇ ਉਹ ਭੀ ਘੋੜੇ ਦੀ ਹਿਲ-ਜੁਲ ਨਾਲ ਸੱਤ ਲਿਖੇ ਗਏ।

੭, ਅੱਜ ਕੱਲ੍ਹ ਦੇ ਪੜ੍ਹੇ ਲਿਖੇ ਚਾਤੁਰ ਇਸ ਪ੍ਰਸੰਗ ਬਾਰੇ ਕਈ ਪ੍ਰਕਾਰ ਦੇ ਟੀਕਾ ਟਿਪਣੀ ਭਰੇ ਵਿਚਾਰ ਪੇਸ਼ ਕਰ ਸਕਦੇ ਹਨ, ਅਤੇ ਕਰਦੇ ਭੀ ਹਨ। ਗੁਰਮਤਿ ਕੋਨ ਤੋਂ ਇਸ ਵਿਸ਼ੇ ਤੇ ਵਿਚਾਰ ਇਸ ਪ੍ਰਕਾਰ ਹੈ :—

ਤੱਤ ਖਾਲਸਾ ਜਾਣਦਾ ਹੈ ਕਿ, 'ਨਾਨਕ ਗੁਰੂ ਗੁਰੂ ਹੈ ਪੂਰਾ...''। (ਪੰਨਾ ੮੮੨)। ਏਸੇ ਵਾਸਤੇ ਹੀ

''ਪੂਰੇ ਕਾ ਕੀਆ ਸਭ ਕਿਛੁ ਪੂਰਾ ਘਟਿ ਵਧਿ ਕਿਛੁ ਨਾਹੀ'' ਪੰਨਾ (੧੪੧੨)।

ਗੁਰੂ ਜੀ ਦੇ ਲਾਡਲੇ ਸਿਖ ਜਾਣਦੇ ਹਨ ਕਿ 'ਕਰਨੈਹਾਰੁ ਨ ਭੂਲਨਹਾਰਾ (ਪੰਨਾ ੨੫੩)।

ਜੋ ਗੁਰੂ ਸਾਹਿਬ ਜੀ ਨੇ ਲਿਖਿਆ (Active voic — ਕਰਤਰੀ ਵਾਚ) ਜਾਂ ਜੋ ਗੁਰੂ ਸਾਹਿਬ ਜੀ ਪਾਸੋਂ ਲਿਖਿਆ ਗਿਆ (Passive voice—ਕਰਮਨੀ ਵਾਚ) ਇਕ ਹੀ ਬਾਤ ਹੈ। ਇਸ ਪ੍ਰਸੰਗ ਰਾਹੀਂ ਗੁਰੂ ਸਾਹਿਬ ਨੇ ਜਗਤ ਨੂੰ ਇਹ ਦਸਣਾਂ ਸੀ ਕਿ ਪੂਰੇ ਗੁਰੂ ਦੀ ਸੋਚ ਅਥਵਾ ਕਰਨੀ ਅਟੱਲ ਹੈ। ਮਾਤਾ ਸੁਲੱਖਣੀ ਜੀ ਦੇ ਘਰ ਪਿਛਲੀ ਉਮਰੇ ਸੱਤ ਪੁਤਰਾਂ ਨੇ ਪੈਦਾ ਹੋ ਕੇ ਸਿਖ ਇਤਿਹਾਸ ਵਿਚ ਇਹ ਸਬੂਤ ਰੀਕਾਰਡ ਕਰਵਾ ਦਿਤਾ ਕਿ ਗੁਰੂ ਸਾਹਿਬ ਜੀ ਨੇ ਜੋ ਕੁਝ ਕੀਤਾ ਜਾਂ ਗੁਰੂ ਸਾਹਿਬ ਜੀ ਪਾਸੋਂ ਜੋ ਕੁਝ ਹੋਇਆ (ਜਾਂ ਇੰਜ ਭੀ ਕਹਿ ਲਓ ਕਿ ਗੁਰੂ ਸਾਹਿਬ ਜੀ ਨੇ ਜੋ ਕੁਝ ਭੀ ਆਪਣੀ ਮੌਜੂਦਗੀ ਵਿਚ ਕਰਵਾਇਆ) ਉਹੀ ਠੀਕ ਹੈ, ਸਤਿ ਹੈ ਅਤੇ ਹਰਿ ਦਰਗਹਿ ਪਰਵਾਨ ਹੈ। ਬਾਕੀ ਚਤੁਰਾਈ ਅਧੀਨ ਕੀਤਾ ਜਾਂ ਸੋਚਿਆ ਵੀਚਾਰਿਆ ਸਭ ਕੁਝ ਮਨਮਤਿ ਹੈ ਅਤੇ ਹਰਿ ਦਰਗਾਹਿ ਅ-ਪਰਵਾਨ ਹੈ।

੮. ਭਾਈ ਗੁਰਦਾਸ ਜੀ, ਮਾਤਾ ਸੁਲੱਖਣੀ ਜੀ, ਕਲਮ, ਦਵਾਤ, ਕਾਗਜ਼, ਸਿਆਹੀ ਅਤੇ ਗੁਰੂ ਸਾਹਿਬ ਜੀ ਦਾ ਘੋੜਾ, ਇਹ ਸਾਰੇ ਉਪਰ ਦਰਸਾਈ ਵਰ ਦੇਣ ਵਾਲੀ ਅਗੰਮੀ ਖੇਡ ਵਿਚ ਕੇਵਲ ਖਿਡਾਰੀ (ਐਕਟਰਜ਼) ਹੀ ਸਨ। ਇਸ ਖੇਲ ਰਾਹੀਂ ਜੋ ਮਾਤਾ ਸੁਲੱਖਣੀ ਨੇ ਇਕ ਪੁਤਰ ਦੀ ਮੰਗ ਨਾਲ ਸ਼ੁਰੂ ਕੀਤੀ,


www.AKJ.Org

ਗੁਰੂ ਸਾਹਿਬ ਜੀ ਨੇ ਸੰਸਾਰ ਨੂੰ ਲੁਪਤ ਤਰੀਕੇ ਨਾਲ ਦੱਸਿਆ ਹੈ ਕਿ, ਐ ਦੁਨੀਆ ਦੇ ਚਾਤਰ ਲੋਕੋ ! "ਕਰਨੈਹਾਰੁ ਨ ਭੂਲਨਹਾਰਾ" (ਪੰਨਾ ੨੫੩) ਗੁਰ-ਕਰਨੀ ਰੱਬੀ ਰਜ਼ਾ ਹੈ, ਇਸ ਲਈ ਪਰਵਾਨ ਹੈ ( ਗੁਰ ਕਰਨੀ ਪਰਧਾਨ ਹੈ ) । ਗੁਰ ਕਰਨੀ ਵਿਚ ਗਲਤੀ ਨਹੀਂ ਹੁੰਦੀ ।

੯. ਤਾਹੀਓਂ ਹੀ ਗੁਰਮਤਿ ਦੀ ਇਸ ਗੁੱਝੀ ਰਮਜ਼ ਨੂੰ ਸਮਝਣ ਵਾਲੇ ਗੁਰਸਿਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦੇ ਕਾਇਲ ਹਨ । ਉਹ ਸਮਝਦੇ ਹਨ ਕਿ ਪਦ-ਛੇਦ ਸਰੂਪ, ਚਾਤੁਰ ਸਿੱਖਾਂ ਵਲੋਂ ਗੁਰੂ ਸਾਹਿਬ ਜੀ ਦੀ ਪਾਵਨ ਕਰਨੀ ਦੀ ਨੁਕਤਾਚੀਨੀ ਦਾ ਸਬੂਤ ਹੈ । ਗੁਰੂ ਦੇ ਸਿਖ ਇਸ ਨੁਕਤਾਚੀਨੀ ਵਿਚ ਆਪਣੀ ਵੋਟ ਨਹੀਂ ਪਾਉਂਦੇ । ਇਕ ਮਨਮਤਿ ਸ਼ੁਰੂ ਕਰਨ ਨਾਲ ਸਿਖਾਂ ਅੰਦਰ ਕਈ ਹੋਰ ਢਿਲਿਆਈਆਂ ਆ ਸਿਰ ਚੁਕਦੀਆ ਹਨ । ਪਦ-ਛੇਦਤਾ ਨਾਲ ਗੁਰੂ ਘਰ ਵਿਚ ਹੋਰ ਮਨਮਤਿ ਕਰੀ ਜਾਣ ਲਈ ਦਰਵਾਜ਼ੇ ਖੁਲ੍ਹ ਗਏ ਹਨ । ਸਿਖ ਪੰਥ ਅੰਦਰ ਆ ਘੁਸੀ ਮਨਮਤਿ ਦੇ ਕੁਝ ਕੁ ਨਮੂਨੇ ਇਸ ਪਰਕਾਰ ਹਨ :–

(ੳ) ਅੱਖਾਂ ਦੀ ਫ਼ੈਸ਼ਨ ਦੇਖਣ ਦੀ ਭੁਖ ਪੂਰੀ ਕਰਨ ਲਈ ਸੀਸ ਦੇ ਕੇਸਾਂ (ਗੁਰੂ ਕੀ ਮੋਹਰ) ਨੂੰ ਦਸਤਾਰ ਨਾਲ ਢੱਕ ਸੰਭਾਲ ਕੇ ਰੱਖਣ ਵਲੋਂ ਕਾਫ਼ੀ ਸਿੱਖਾਂ ਨੇ ਖੁਲ੍ਹੀ ਛੁੱਟੀ ਦੇ ਰਖੀ ਹੈ ।

(ਅ) ਆਪਣੀ ਜ਼ਬਾਨ ਦਾ ਸ਼ਰਾਬੀ-ਕਬਾਬੀ ਚਸਕਾ ਪੂਰਾ ਕਰਨ ਲਈ ਗੁਰਬਾਣੀ ਅੰਦਰ ਦਰਸਾਏ ਗੁਰਮਤਿ ਸਿਧਾਂਤਾਂ ਵਲੋਂ ਘੁਟ ਕੇ ਅੱਖਾਂ ਮੀਟੀ ਪਏ ਫਿਰਦੇ ਹਨ ।

(ੲ) ਅੰਮ੍ਰਿਤ ਵੇਲੇ ਦੀ ਸੰਭਾਲ ਨੂੰ ਤਿਆਗ ਕੇ ਸਰੀਰ ਨੂੰ ਬਹੁਤ ਸੁਖ ਰਹਿਣਾ ਬਣਾ ਲਿਆ ਏ । ਜੀਵਨ ਵਾਲੇ ਉਦਮੀ ਗੁਰਸਿਖਾਂ ਨੂੰ ਦੇਖ ਕੇ ਢਿੱਲੀ-ਸਿਖੀ-ਅਪਣਾਈ-ਬੈਠੇ-ਸੁਖ-ਰਹਿਣੇ- ਲੀਡਰ ਕਾਂਪ ਖਾਂਦੇ ਹਨ ਅਤੇ ਆਪਣੀਆਂ ਕਮਜ਼ੋਰੀਆਂ ਨੂੰ ਛੁਪਾਈ ਰਖਣ ਲਈ ਸਟੇਜਾਂ ਤੇ ਖਲੋ ਕੇ, ਸੰਗਤਾਂ ਨੂੰ ਗੁਰੂ-ਆਸ਼ੇ ਅਨੁਸਾਰ ਕੋਈ ਠੋਸ ਸੇਧ ਦੇਣ ਦੀ ਥਾਂ, ਜੀਵਨ ਵਾਲੇ ਗੁਰਸਿਖਾਂ ਦੀ ਬੇਲੋੜੀ ਨੁਕਤਾਚੀਨੀ ਅਤੇ ਨਿੰਦਿਆ ਕਰਦੇ ਹਨ । ਸੱਚੀ ਸੁਚੀ ਰਹਿਤ ਬਹਿਤ ਦਾ ਮਖੌਲ ਉਡਾਉਂਦੇ ਹਨ, ਤਾਂ ਜੁ ਇਨ੍ਹਾਂ ਦੀਆਂ ਮਨਮਤਿ ਭਰੀਆਂ ਕਰਤੂਤਾਂ ਉਤੇ ਪੜਦਾ ਪਿਆ ਰਹੇ ।

(ਸ) ਪੰਥ ਦੇ ਲੀਡਰ ਇਕ ਹੋਰ ਭਾਰੀ ਮਨਮਤਿ ਇਹ ਕਰਦੇ ਹਨ ਕਿ ਗੁਰੂ ਸਾਹਿਬਾਨ ਦੇ ਬਣਾਏ ਹੋਏ ਬੁਤਾਂ ਦੀ ਪੁਰਜ਼ੋਰ ਨਿਖੇਧੀ ਕਰਦੇ ਹੋਏ ਗੁਰੂ ਸਾਹਿਬਾਨ, ਦੀਆਂ, ਇਨ੍ਹਾਂ ਦੀ ਆਪਣੀ ਮਰਜ਼ੀ ਅਤੇ ਪਰਵਾਨਗੀ ਨਾਲ ਬਣਵਾਈਆਂ ਹੋਈਆਂ ਤਸਵੀਰਾਂ ਬਾਰੇ ਕੁਝ ਨਹੀਂ ਕਹਿੰਦੇ । ਇਹ ਨਹੀਂ ਸੋਚਦੇ ਕਿ ਘਰਾਂ, ਦਫਤਰਾਂ, ਰੇਲਵੇ ਸਟੇਸ਼ਨਾਂ, ਅੱਡਿਆਂ, ਬਸਾਂ ਅਤੇ ਗੁਰਦੁਆਰਿਆਂ ਵਿਚ ਟੰਗੀਆਂ ਹੋਈਆਂ ਗੁਰੂ ਸਾਹਿ-ਬਾਨ ਦੀਆਂ ਤਸਵੀਰਾਂ ਰਾਹੀਂ ਭੀ ਇਹ ਸਿਖ ਧਰਮ ਵਿਚ ਬੁੱਤ-ਪ੍ਰਸਤੀ ਘੁਸੇੜਨ ਦੇ ਦੋਸ਼ੀ ਹਨ । ਸਮਝਣ ਵਾਲੀ ਗੱਲ ਇਹ ਹੈ ਕਿ ਮੂਰਤੀ three dimensional ਬੁੱਤ (ਲੰਬਾਈ, ਚੌੜਾਈ ਅਤੇ ਮੋਟਾਈ ਵਾਲਾ ਬੁੱਤ) ਹੈ, ਅਤੇ ਤਸਵੀਰ two dimensional ਬੁੱਤ (ਕੇਵਲ ਲੰਬਾਈ ਅਤੇ ਚੌੜਾਈ ਵਾਲਾ ਬੁੱਤ) ਹੈ । ਦੋਨਾਂ ਬੁਤਾਂ ਵਿਚ ਕੇਵਲ ਇਕ dimension (ਪੈਮਾ-ਇਸ਼ੀ ਤਰਫ਼ ਅਥਵਾ side) ਦਾ ਹੀ ਫ਼ਰਕ ਹੈ । ਇਹ ਦੋਨੋਂ ਹੀ ਚਿਤਰ ਬੁੱਤ ਹਨ । ਇਨ੍ਹਾਂ ਦੀ ਦੇਖ-ਭਾਲ ਅਤੇ ਸੰਭਾਲ ਬੁੱਤ-ਪ੍ਰਸਤੀ ਹੈ । ਇਨ੍ਹਾਂ ਤਸਵੀਰਾਂ ਨੂੰ ਸ਼ੀਸ਼ੇ ਵਿਚ ਮੜ੍ਹ ਕੇ ਸੰਗਤਾਂ ਨੂੰ ਦਰਸ਼ਨ ਕਰਾ-ਉਣੇ ਜਾਂ ਆਪ ਕਰਨੇ ਨਿਰੋਲ ਬੁੱਤ-ਪ੍ਰਸਤੀ ਹੈ; ਕਿਉਂਕਿ ਇਨ੍ਹਾਂ ਤਸਵੀਰਾਂ ਲਈ ਲੋਕਾਂ ਦੇ ਮਨ ਵਿਚ ਸਤਿਕਾਰ ਪੈਦਾ ਹੁੰਦਾ ਹੈ ਅਤੇ ਲੋਕ ਇਨ੍ਹਾ ਤਸਵੀਰਾਂ ਅੱਗੇ ਸਿਰ ਝੁਕਾਉਂਦੇ ਹਨ ਅਤੇ ਆਪਣੀਆਂ ਮੰਗਾਂ ਦੀ ਪੂਰਤੀ ਲਈ ਬੇਨਤੀਆਂ ਕਰਦੇ ਹਨ । ਬੁੱਤ-ਪ੍ਰਸਤੀ ਵਾਲੀ ਹੋਰ ਕਿਹੜੀ ਗੱਲ ਪਿਛੇ ਰਹਿ ਗਈ ? ਇਹ ਨਿਰੋਲ ਬਿਪਰਨ ਕੀ ਰੀਤ ਹੈ, ਇਸ ਲਈ ਪੁਰਜ਼ੋਰ ਸ਼ਬਦਾਂ ਵਿਚ ਨਿੰਦਤ ਹੈ । ਤਸਵੀਰਾਂ ਅਤੇ ਬੁੱਤ ਦੀ ਸਮਾਨਤਾ ਇਕ ਬੜੀ ਸਿਧੀ ਜਿਹੀ ਗੱਲ ਹੈ । ਇਸ ਨੂੰ ਸਮਝਣ ਲਈ ਕੋਈ ਫਾਰਮੂਲਾ



www.AKJ.Org

ਵਰਤਣ ਦੀ ਲੋੜ ਨਹੀਂ। ਹਰ ਸੂਝਵਾਨ, ਤੱਤ ਗੁਰਮਤਿ ਦਾ ਹਾਮੀ, ਇਸ ਸਾਧਾਰਨ ਗੱਲ ਨੂੰ ਸਮਝ ਸਕਦਾ ਹੈ।

੧੦. ਤਸਵੀਰਾਂ ਰਾਹੀਂ ਗੁਰੂ ਸਾਹਿਬਾਨ ਦੇ ਉਦੇਸ਼ ਦਾ ਤ੍ਰਿਸਕਾਰ ਕਰਾਇਆ ਜਾ ਰਿਹਾ ਹੈ ਅਤੇ ਬਿਪਰਨ ਵਾਲੀ ਬੁੱਤ ਪ੍ਰਸਤੀ ਦੀ ਕੁਰੀਤ ਨੂੰ ਹੌਲੀ ਹੌਲੀ ਅਪਣਾਇਆ ਜਾ ਰਿਹਾ ਹੈ। ਗੁਰੂ ਸਾਹਿਬ ਜੀ ਦਾ ਪੂਰਨ ਸਤਿਕਾਰ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਲੜੀਦਾਰ ਸਰੂਪ ਦੀ ਤਾਬਿਆ ਅੰਮ੍ਰਿਤ ਛਕ ਕੇ, ਨਾਮ ਜਪਣ, ਬਾਣੀ ਪੜ੍ਹਨ-ਸੁਣਨ ਅਤੇ ਗੁਰਬਾਣੀ ਦੀ ਰੌਸ਼ਨੀ ਵਿਚ ਆਪਣਾ ਜੀਵਨ ਢਾਲਣ ਵਿਚ ਹੈ।

੧੧. ਪੰਥ ਲਈ ਹੁਕਮ ਤਾਂ ਇਹ ਹੋਵੇ ਕਿ "ਸਬਦੁ ਗੁਰੂ ਸੁਰਤਿ ਧੁਨਿ ਚੇਲਾ" (ਪੰਨਾ ੯੪੩) ਸ਼ਬਦ (ਗੁਰਮੰਤ੍ਰ) ਗੁਰੂ ਹੈ। ਅਤੇ ਇਸ ਗੁਰਮੰਤ੍ਰ ਦੇ ਉਚਾਰਨ ਨਾਲ ਜੋ ਧੁਨ (ਆਵਾਜ਼) ਸੁਣਾਈ ਦੇਵੇ, ਉਸ ਵਿਚ ਆਪਣੀ ਸੁਰਤ (ਤਵੱਜੋ) ਲਗਾਈ ਜਾਵੇ। ਭਾਵ ਕਿ ਰਸਨਾ ਗੁਰਮੰਤ੍ਰ ਉਚਰੇ, ਕੰਨ ਇਸ ਨੂੰ ਸੁਣੇ ਅਤੇ ਮਨ ਇਸ ਵਿਚ ਟਿਕੇ। ਪਰ ਅਸਾਂ ਤਸਵੀਰਾਂ ਦੇ ਹਾਮੀਆਂ ਨੇ 'ਗੁਰੂ' ਨੂੰ ਸ਼ਬਦ ਵਿਚੋਂ ਕੱਢ ਕੇ ਭਾਈ ਸੋਭਾ ਸਿੰਘ ਚਿਤਰਕਾਰ ਦੀ ਬਣਾਈ ਗੁਰੂ ਦੀ ਮਨੋਕਲਪਤ ਤਸਵੀਰ ਵਿਚ ਬਦਲ ਕੇ, ਇਸ ਨੂੰ ਫ਼ਰੇਮ ਕਰ ਕੇ ਕੰਧ ਉਤੇ ਟੰਗ ਲਿਆ ਹੈ। ਭਲਾ ਇਸ ਗੁਰ-ਮੂਰਤ ਵਿਚੋਂ ਧੁਨ ਕੈਸੇ ਨਿਕਲੇਗੀ? ਸੁਰਤ ਕਿਹੜੀ ਆਵਾਜ਼ (ਧੁਨ) ਦੀ ਚੇਲਗਿਰੀ ਕਰੇਗੀ? ਇਨ੍ਹਾਂ ਤਸਵੀਰਾਂ ਨਾਲ ਤਾਂ "ਤਸਵੀਰ-ਗੁਰੂ-ਸੁਰਤ-ਚੇਲਾ" ਵਾਲੀ ਗੱਲ ਬਣ ਗਈ ਹੈ, ਜੋ ਕਿ ਨਿਰੋਲ ਬੁਤ ਪ੍ਰਸਤੀ ਹੈ। ਸਾਡੇ ਮੁਸਲਮਾਨ ਭਾਈ ਭੀ ਰੱਬ ਦੇ ਪੁਜਾਰੀ ਹਨ। ਉਨ੍ਹਾਂ ਦੇ ਪੈਗੰਬਰ ਦੀ ਕੋਈ ਤਸਵੀਰ ਜਾਂ ਬੁੱਤ ਬਣਾ ਕੇ ਤਾਂ ਦੇਖੇ, ਜੋ ਉਹ ਉਸ ਦਾ ਝੁੱਗਾ ਹੀ ਨਾ ਫੂਕ ਕੇ ਰੱਖ ਦੇਣ। ਇਹ ਸਿਖ ਹੀ ਹਨ ਜੋ ਹੱਥ ਵਿਚ ਗੁਰਬਾਣੀ ਰੂਪੀ ਜਗ-ਮਗ ਕਰਦਾ ਹੋਇਆ ਦੀਵਾ ਲੈ ਕੇ ਭੀ ਖੂਹ ਵਿਚ ਡਿਗਦੇ ਜਾ ਰਹੇ ਹਨ। ਬੜੀ ਅਧੋਗਤੀ ਵਾਲੀ ਗੱਲ ਹੈ।

ਪੰਥ ਦੇ ਸੁਚੱਜੇ ਆਗੂਆਂ ਦੇ ਚਰਨਾਂ ਵਿਚ ਬੇਨਤੀ ਹੈ ਕਿ ਉੱਪਰ ਦਰਸਾਈ ਬਿਲਕੁਲ ਸਾਦਾ ਜਿਹੀ ਬਾਤ ਨੂੰ ਸਮਝ ਕੇ, ਪੰਥ ਅੰਦਰ ਦਿਨੋ ਦਿਨ ਵਧ ਰਹੀ ਬੁੱਤ-ਪ੍ਰਸਤੀ ਨੂੰ ਠੱਲ੍ਹ ਪਾ ਕੇ, ਗੁਰਮਤਿ ਅਨੁਸਾਰ ਆਪਣਾ ਫ਼ਰਜ਼ ਪੂਰਾ ਕਰਨ ਦੀ ਕਿਰਪਾ ਕਰਨ।

੧੨. ਪੂਰੇ ਗੁਰੂ ਨੇ ਆਪਣੀ ਪੂਰੀ ਮਤਿ ਅਨੁਸਾਰ ਅਤੇ ਆਦਿ ਜ਼ੁਗਾਦੀ ਅਟੱਲ ਸਕੀਮ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਦਾਰ ਸਰੂਪ ਦੀ ਸਾਜਨਾ ਕੀਤੀ ਸੀ—

ਪੂਰਾ ਗੁਰੁ ਪੂਰੀ ਮਤਿ ਜਾ ਕੀ

ਪੂਰਨ ਪ੍ਰਭ ਕੇ ਕਾਮਾ ॥ (ਪੰਨਾ ੬੩੦)

ਤਾਂ ਫਿਰ ਅਸੀਂ ਵੀਹਵੀਂ ਸਦੀ ਦੇ ਅਧੂਰੀ ਮਤ ਵਾਲੇ ਕਿਸ ਹੀਏ ਨਾਲ ਲੜੀਦਾਰ ਸਰੂਪ ਦੀ ਥਾਉਂ ਪਦ-ਛੇਦ ਸਰੂਪਾਂ ਦੇ ਪਰਕਾਸ਼ ਕਰੀ ਚਲੇ ਜਾ ਰਹੇ ਹਾਂ? ਯਾਦ ਰਹੇ ਕਿ "ਪ੍ਰਭ ਭਾਣਾ ਆਪਣਾ ਭਾਵਦਾ" (ਪੰਨਾ ੧੨੫੮)। ਰੱਬ ਨੂੰ ਪਦ-ਛੇਦੀਆਂ ਦਾ ਭਾਣਾ ਨਹੀਂ ਭਾਉਂਦਾ।

ਮਾਤਾ ਸੁਲੱਖਣੀ ਜੀ ਦੇ ਪ੍ਰਸੰਗ ਤੋਂ ਇਹ ਗੱਲ ਬੜੀ ਸਪੱਸ਼ਟ ਹੈ ਕਿ ਗੁਰੂ ਸਾਹਿਬ ਗਲਤੀ ਨਹੀਂ ਕਰਦੇ। ਤਾਂ ਫਿਰ ਪਦ-ਛੇਦ ਸਰੂਪਾਂ ਰਾਹੀਂ ਅਸੀਂ ਗੁਰੂ ਸਾਹਿਬ ਜੀ ਦੀ ਸਕੀਮ ਨੂੰ ਗ਼ਲਤ ਸਾਬਤ ਕਰਨ ਦਾ ਪਾਪ ਨਾ ਕਮਾਈਏ। ਜੋ ਕਲਗੀਧਰ ਪਾਤਸ਼ਾਹ ਜੀ ਨੇ ਕੀਤਾ ਹੈ ਉਸ ਨੂੰ ਮੰਨ ਲਈਏ। ਇਸ ਵਿਚ ਹੀ ਸੁੱਖ ਹੈ। ਨਹੀਂ ਤਾਂ ਸਾਡੀ ਖੇਹ ਖਰਾਬੀ ਹੀ ਹੋਏਗੀ। ਯਥਾ ਗੁਰਵਾਕ :—

ਜੋ ਜੋ ਕਰੈ ਸੋਈ ਮਾਨਿ ਲੇਹੁ ॥

ਬਿਨੁ ਮਾਨੇ ਰਲਿ ਹੋਵਹਿ ਖੇਹ ॥ (ਪੰ: ੮੯੬)

ਏਥੇ ਪਦ-ਛੇਦਤਾ ਦੇ ਹਾਮੀਆਂ ਨੂੰ, ਸੋਚ ਕੇ, ਆਪਣੇ ਭਲੇ ਲਈ, ਨਵਾਂ ਫ਼ੈਸਲਾ ਕਰਨ ਦੀ ਲੋੜ ਹੈ।

੧੩, ਮਹਿੰਗੀ ਬਾਣੀ ਦਾ ਸ਼ੁਧ ਉਚਾਰਨ ਦੱਸਣ ਦਾ ਜਾਂ ਸਿਖਲਾਉਣ ਦਾ ਇਹ ਤਰੀਕਾ ਨਹੀਂ ਕਿ ਸਮੁੱਚੀ ਬਾਣੀ ਹੀ ਪਦ-ਛੇਦ ਕਰ ਕੇ ਧਰ ਦੇਈਏ।



www.AKJ.Org

ਗੁਰਬਾਣੀ ਕੋਸ਼ (ਡਿਕਸ਼ਨਰੀ) ਇਸ ਕਾਰਜ ਵਿਚ ਕਾਫ਼ੀ ਹਦ ਤਕ ਸਹਾਈ ਹੋ ਸਕਦਾ ਹੈ। ਪਦ-ਛੇਦ ਦੇ ਹਾਮੀਆਂ ਪਾਸ ਸਭ ਤੋਂ ਵਡਾ ਢੁੱਚਰ (ਬਹਾਨਾ) ਇਹ ਹੈ ਕਿ ਲੜੀਦਾਰ ਸਰੂਰ ਤੋਂ ਪਾਠ ਕਰਨਾ ਬੜਾ ਔਖਾ ਹੈ, ਪਾਠ ਕਰਦਿਆਂ ਬੜੀਆਂ ਗਲਤੀਆਂ ਹੁੰਦੀਆ ਹਨ, ਬੱਚੇ ਇਸ ਤੋਂ ਪਾਠ ਨਹੀਂ ਕਰ ਸਕਦੇ, ਪਦ-ਛੇਦ ਸਰੂਪ ਤੋਂ ਬੱਚੇ ਭੀ ਪਾਠ ਕਰ ਸਕਦੇ ਹਨ, ਥੋੜੇ ਪੜ੍ਹੇ ਭੀ ਪਾਠ ਕਰ ਸਕਦੇ ਹਨ ਅਤੇ ਗਲਤੀਆਂ ਬਿਲਕੁਲ ਨਹੀਂ ਹੁੰਦੀਆਂ ਜਾਂ ਬਹੁਤ ਹੀ ਘਟ ਹੁੰਦੀਆਂ ਹਨ, ਪਾਠ ਨਾ ਕਰਨ ਨਾਲੋਂ ਪਾਠ ਕਰ ਸਕਣਾ ਤਾਂ ਚੰਗਾ ਹੀ ਹੈ ਨਾ, ਇਤਿ ਆਦਿ।

੧੪. ਪੈਰਾ ੧੩ ਦੇ ਹਾਮੀ 'ਗੁਰਮੁਖਿ ਜੀਵਨੀ' ਅਤੇ 'ਮਨਮੁਖਿ ਜੀਵਨੀ' ਵਿਚ, ਸ਼ਾਇਦ ਫਰਕ ਨਹੀਂ ਸਮਝਦੇ। 'ਗੁਰਮੁਖਿ ਜੀਵਨੀ' ਹੈ ਗੁਰੂ ਆਸ਼ੇ ਅਨੁਸਾਰੀ ਹੋ ਕੇ ਚੱਲਣਾ (ਜੀਊਣਾ), ਗੁਰੂ ਦੇ ਭਾਣੇ ਵਿਚ ਚਲਣਾ, ਗੁਰੂ ਜੀ ਦੀ ਮਰਜ਼ੀ ਨਾਲ ਚਲਣਾ ਅਤੇ ਗੁਰੂ ਜੀ ਦੇ ਕੀਤੇ ਦਾ ਸਤਿਕਾਰ ਕਰਨਾ। 'ਮਨਮੁਖਿ ਜੀਵਨੀ' ਹੈ ਆਪਣੇ ਆਸ਼ੇ ਅਨੁਸਾਰੀ ਹੋ ਕੇ ਚਲਣਾ, ਆਪਣੀ ਮਰਜ਼ੀ ਨਾਲ ਚਲਣਾ, ਗੁਰੂ ਜੀ ਦੇ ਕੀਤੇ ਦੀ ਨੁਕਤਾਚੀਨੀ ਕਰਨਾ। ਰੱਬ ਨੂੰ ਤਾਂ ਸਾਰੇ ਹੀ ਯਾਦ ਕਰਦੇ ਹਨ—ਗੁਰਮੁਖਿ ਭੀ ਅਤੇ ਮਨਮੁਖਿ ਭੀ, ਲੜੀਦਾਰ ਸਰੂਪ ਦੇ ਉਪਾਸ਼ਕ ਭੀ ਅਤੇ ਪਦ-ਛੇਦ ਸਰੂਪ ਦੇ ਆਸ਼ਕ ਭੀ। ਤਾਂ ਫਿਰ ਫ਼ਰਕ ਕਿੱਥੇ ਹੋਇਆ? ਇਸ ਗੱਲ ਦਾ ਲੋਹੇ ਜੜਿਆ ਫ਼ੈਸਲਾ ਗੁਰੂ ਜੀ ਆਪ ਹੀ ਕਰਦੇ ਹਨ। ਜੋ ਕਿ ਇਸ ਪ੍ਰਕਾਰ ਹੈ :—

ਮਨਮੁਖ੍ਹਰਿ੍ਹਰਿ੍ਕਰਿ੍ਥਕੇ
ਮੈਲੁ੍ਨ੍ਸਕੀ੍ਧੋਇ॥ (ਪੰਨਾ ੩੯)

ਮਨਮੁਖਾਂ ਨੇ ਰੱਬ ਨੂੰ ਬਥੇਰਾ ਯਾਦ ਕੀਤਾ, ਪਰ ਉਨ੍ਹਾਂ ਦੀ ਪਾਪਾਂ ਦੀ ਮੈਲ ਧੁਪਣੋਂ ਰਹਿ ਗਈ। ਹੋਰ ਸੁਣੋ :

ਕਬੀਰ੍ਰਾਮੈ੍ਰਾਮ੍ਕਹੁ੍ਕਹਿਬੇ੍ਮਾਹਿ੍ਬਿਬੇਕ॥
ਏਕੁ੍ਅਨੇਕੈ੍ਮਿਲਿ੍ਗਇਆ੍ਏਕ੍ਸਮਾਨਾ੍ਏਕ॥
(ਪੰਨਾ ੧੩੭੧)

ਸਭੇ ਹੀ ਵਾਹਿਗੁਰੂ ਦਾ ਸਿਮਰਨ ਕਰਦੇ ਹਨ, ਪਰ ਸਿਮਰਨ ਕਰਨ ਕਰਨ ਵਿਚ ਫ਼ਰਕ (ਬਿਬੇਕ) ਹੈ। ਉਹ ਫਰਕ ਕੀ ਹੈ? ਉਹ ਫ਼ਰਕ ਇਹ ਹੈ ਕਿ ਮਨਮੁਖਿ ਰੱਬ ਰੱਬ ਕਰਦਾ ਹੋਇਆ ਚੁਰਾਸੀ ਦੇ ਭੀੜ ਭੜੱਕੇ ਦੀ ਭਰਮਾਰ (ਅਨੇਕੈ੍ਮਿਲਿ੍ਗਇਆ) ਵਿਚ ਜਾ ਮਿਲਿਆ (ਜਾ ਰਲਿਆ) ਅਤੇ ਗੁਰਮੁਖਿ ਰਬ-ਰੱਬ ਕਰਦਾ ਹੋਇਆ ਚੁਰਾਸੀ ਦੇ ਫੰਦ ਕੱਟ ਕੇ ਉਸ ਇਕ (ਰੱਬ) ਵਿਚ ਸਮਾ ਗਿਆ। ਰੱਬ ਨੂੰ ਦੋਹਾਂ ਧੜਿਆਂ ਨੇ ਹੀ ਯਾਦ ਕੀਤਾ—ਪਹਿਲੇ ਧੜੇ ਨੇ ਆਪਣੀ ਚਤੁਰਾਈ ਅਨੁਸਾਰ ਅਤੇ ਦੂਜੇ ਧੜੇ ਨੇ ਗੁਰੂ ਦੀ ਮਤਿ ਅਨੁਸਾਰ। ਬੱਸ, ਇਹੋ ਫ਼ਰਕ ਹੈ ਕਿ 'ਗੁਰਮੁਖਿ੍ਲਾਧਾ' ਅਤੇ 'ਮਨਮੁਖਿ੍ਗਵਾਇਆ'।

੧੫. ਜੇ ਧਰਮ ਦੇ ਆਗੂਆਂ ਨੂੰ ਇਸ ਗੱਲ ਦਾ ਮਾਣ ਹੈ ਕਿ ਉਹ ਧਰਮ-ਅਸਥਾਨਾਂ ਉਤੇ ਵੋਟਾਂ ਦੇ ਬਲ ਨਾਲ ਬੈਠੇ ਹਨ, ਇਸ ਲਈ ਉਹ ਜੋ ਭੀ ਕਰਦੇ ਹਨ, ਠੀਕ ਹੈ ਅਤੇ ਗੁਰੂ ਪਰਵਾਨ ਹੈ, ਤਾਂ ਉਨ੍ਹਾਂ ਦੀ ਇਹ ਸੋਚਣੀ ਗਲਤ ਹੈ। ਕਿਉਂਕਿ ਧਰਮ-ਅਸਥਾਨਾਂ ਉੱਤੇ ਤਾਂ ਕੁਝ ਦੇਰ ਲਈ ਮੱਸਾ ਰੰਘੜ ਭੀ ਕਾਬਜ਼ ਹੋ ਬੈਠਾ ਸੀ। ਧਰਮ-ਅਸਥਾਨਾਂ ਤੇ ਕਾਬਜ਼ ਹੋਣਾ ਮਨਮਤਿ ਕਰੀ ਜਾਣ ਲਈ ਲਸੰਸ ਨਹੀਂ ਹੈ, ਸਿਖ ਇਤਿਹਾਸ ਵਿਚ ਜਿਤਨੀਆਂ ਭੀ ਘਟਨਾਵਾਂ ਗੁਰੂ ਨੇਤ ਹੋਈਆਂ ਹਨ, ਉਹ ਸਾਰੀਆ ਦੁਨੀਆ ਨੂੰ ਤਮਾਸ਼ਾ ਦਿਖਾਉਣ ਹਿਤ ਨਹੀਂ ਹੋਈਆਂ। ਸਗੋਂ ਉਨ੍ਹਾਂ ਅੰਦਰ ਸਿਖ ਜਗਤ ਵਾਸਤੇ ਬੜਾ ਡੂੰਘਾ ਭਾਵ (ਸਬਕ) ਲੁਪਤ ਹੈ। ਮੱਸੇ ਰੰਘੜ ਵਾਲੀ ਵਾਰਤਾ ਰੱਬੀ ਰਜ਼ਾ ਅੰਦਰ ਇਸ ਵਾਸਤੇ ਵਾਪਰੀ ਕਿ ਸਿਖ ਜਗਤ ਨੂੰ ਇਹ ਹਮੇਸ਼ਾ ਯਾਦ ਰਹੇ ਕਿ ਧਰਮ-ਅਸਥਾਨਾਂ ਤੇ ਕਬਜ਼ਾ ਭਾਵੇਂ ਬਾਹੂ ਬਲ ਨਾਲ ਕੀਤਾ ਜਾਵੇ ਅਤੇ ਭਾਵੇਂ ਮਾਇਆ ਜਾਂ ਵੋਟਾਂ ਨਾਲ ਕੀਤਾ ਜਾਵੇ, ਇਹ ਕਬਜ਼ਾ ਕਿਸੇ ਹਾਲਤ ਵਿਚ ਭੀ ਮਨ-ਆਈਆਂ ਕਰਨ ਲਈ ਪੱਟਾ ਨਹੀਂ ਹੈ। ਇਸ ਦੇ ਕਾਬਜ਼ਾਂ ਨੂੰ ਗੁਰਮਤਿ ਰਹੁ-ਰੀਤੀ ਅੰਦਰ ਹੀ ਵਿਚਰਨਾ ਬਣਦਾ ਹੈ। ਨਹੀਂ ਤਾਂ ਇਹ ਤੱਤ ਗੁਰਮਤਿ ਤੋਂ ਪਰੇਡੇ ਰਹਿ ਕੇ ਗੁਰੂ ਦੇ ਦੇਣਦਾਰ

[ਬਾਕੀ ਦੇਖੋ ਸਫਾ ੨੫ ਦੇ ਹੇਠ]



www.AKJ.Org

# ਸਾਡੀ ਪ੍ਰਦੇਸ ਯਾਤ੍ਰਾ

[ਵਲੋਂ—ਭਾਈ ਸਾਹਿਬ ਮੇਹਰ ਸਿੰਘ ਜੀ, B-2/8 ਪੰਸ਼ਵਾ ਰੋਡ, ਨਵੀਂ ਦਿਲੀ]

ਕਈ ਸਾਲਾਂ ਤੋਂ ਪ੍ਰਦੇਸ ਵਿਚ ਵਸਦੇ 'ਅਖੰਡ ਕੀਰਤਨੀ ਜਥੇ' ਦੇ ਸਿੰਘਾਂ ਵਲੋਂ ਇਹ ਪੁਰਜ਼ੋਰ ਮੰਗ ਕੀਤੀ ਜਾ ਰਹੀ ਸੀ ਕਿ ਭਾਰਤ ਤੋਂ ਕੀਰਤਨੀਏ ਸਿੰਘ ਪ੍ਰਦੇਸਾਂ ਵਿਚ ਜਾ ਕੇ ਕੀਰਤਨ ਰਾਹੀਂ ਸੇਵਾ ਕਰਨ। ੧੯੭੮ ਦੇ ਚੜ੍ਹਦਿਆਂ ਹੀ ਇੰਗਲੈਂਡ ਦੇ ਅਖੰਡ ਕੀਰਤਨੀ ਜਥੇ ਵਲੋਂ "ਸੂਰਾ" ਤੇ ਭਾਈ ਅਜੀਤ ਸਿੰਘ ਭੋਗਲ, ਦਿਲੀ/ਜਲੰਧਰ ਰਾਹੀਂ ਦਾਸਾਂ ਨੂੰ ਪ੍ਰੇਰਨਾ ਮਿਲੀ ਤੇ ਹੇਠ ਲਿਖੇ ੫ ਸਿੰਘ/ਬੀਬੀਆਂ ਨੇ ਬਾਹਰ ਜਾਣ ਲਈ ਤਿਆਰੀਆਂ ਅਰੰਭੀਆਂ :—

ਭਾਈ ਪ੍ਰੀਤਮ ਸਿੰਘ ਚਾਨੀ ਦਿਲੀ
ਦਾਸ ਮੇਹਰ ਸਿੰਘ ਦਿਲੀ
ਭਾਈ ਸੂਰਤ ਸਿੰਘ ਪੂਰਨ ਚੰਡੀਗੜ੍ਹ
ਬੀਬੀ ਭੁਪਿੰਦਰ ਕੌਰ ਚੰਡੀਗੜ੍ਹ
ਬੀਬੀ ਹਰਜੀਤ ਕੌਰ ਮੋਗਾ (ਪੰਜਾਬ)

ਭਾਈ ਸਾਹਿਬ ਭਾਈ ਬੰਤਾ ਸਿੰਘ ਆਨਰੇਰੀ ਜਨਰਲ ਸੈਕ੍ਰੇਟਰੀ, ਅਖੰਡ ਕੀਰਤਨੀ ਜਥਾ, ਯੂ. ਕੇ. (ਬਰਮਿੰਘਮ) ਨਾਲ ਚਿਠੀ-ਪਤਰ ਸ਼ੁਰੂ ਹੋ ਗਈ। ਦਾਸ ਦੇ ਦਫਤਰ ਵਲੋਂ ਬਾਹਰ ਜਾਣ ਦੀ ਆਗਿਆ ਲੈਣ ਦੇ ਸਿਲਸਿਲੇ ਵਿਚ ਕੁਝ ਦੇਰ ਹੋ ਗਈ ਤੇ ਕਰਦਿਆਂ ਕਰਦਿਆਂ ਅਕਤੂਬਰ ੭੮ ਦਾ ਮਹੀਨਾ ਆ ਗਿਆ। ਉਧਰੋਂ ਭਾਈ ਬੰਤਾ ਸਿੰਘ ਜੀ ਵਲੋਂ ਜਲਦੀ ਹੀ ਪੁਜਣ ਦੀ ਪ੍ਰੇਰਨਾ ਹੁੰਦੀ ਰਹੀ। ਦਿਲੀ ਦੇ ਅਕਤੂਬਰ ੭੮ ਦੇ ਸਾਲਾਨਾ ਕੀਰਤਨ ਸਮਾਗਮ ਮਗਰੋਂ ਤਰੀਕਾਂ ਪੱਕੀਆਂ ਹੋ ਗਈਆਂ ਅਤੇ ਸਾਰੀਆਂ

---

(ਸਫਾ ੨੪ ਦੀ ਬਾਕੀ)

ਹੋਣਗੇ, ਅਤੇ ਮੱਸੇ ਰੰਘੜ ਵਾਲੀ ਨੌਬਤ ਦੇ ਹੱਕਦਾਰ ਹੋਣਗੇ।

੧੬. ਅਜ ਕਲ੍ਹ ਦੇ ਜ਼ਿਆਦਾ ਪੜ੍ਹੇ ਲਿਖੇ ਸਮੇਂ ਵਿਚ ਦਲੀਲ-ਬਾਜ਼ੀ ਨਾਲ ਝੂਠੀਆਂ ਗੱਲਾਂ ਨੂੰ ਸੱਚੀਆਂ ਅਤੇ ਸੱਚੀਆਂ ਨੂੰ ਝੂਠੀਆਂ ਸਾਬਤ ਕਰ ਦੇਣਾ ਮਾਮੂਲੀ ਜਿਹੀ ਗੱਲ ਹੈ। ਕਲਜੁਗ ਵਿਚ ਸਾਇੰਸ ਅਤੇ ਅਕਲ ਦਾ ਬੜਾ ਭਾਰੀ ਬੋਲ-ਬਾਲਾ ਹੈ। ਇਸ ਅਕਲ ਦੇ ਚੱਕਰ ਤੋਂ ਬਚਣਾ ਅਤੀਅੰਤ ਕਠਨ ਹੈ। ਫਿਰ ਭੀ ਕਲਜੁਗ ਅੰਦਰ ਵਿਚਰਦੇ ਹੋਏ ਜਿਹੜੇ ਪ੍ਰਾਣੀ ਇਸ ਅਕਲ ਦੇ ਚੱਕਰ ਤੋਂ ਬਚ ਕੇ, ਗੁਰੂ ਜੀ ਦੇ ਅਨੁਸਾਰੀ ਹੋ ਕੇ ਚਲਦੇ ਹਨ ਅਤੇ ਆਪਣੀ ਮੱਤ ਨੂੰ ਆਪਣੇ ਮੂਹਰੇ ਲੱਤਾਂ ਨਹੀਂ ਅੜਾਉਣ ਦੇਂਦੇ, ਗੁਰੂ ਨਾਨਕ ਸਾਹਿਬ ਐਸੇ ਪ੍ਰਾਣੀਆਂ ਨੂੰ ਧੰਨ ਧੰਨ ਕਹਿ ਕੇ ਮੁਖ਼ਾਤਬ (ਸੰਬੋਧਨ) ਕਰਦੇ ਹਨ :—

ਧੰਨੁ ਧੰਨੁ ਵਡਭਾਗੀ ਨਾਨਕਾ
ਜਿਨਾ ਸਤਿਗੁਰੁ ਲਏ ਮਿਲਾਇ ॥ (ਪੰ: ੪੦)

ਪਦ-ਛੇਦੀ ਵੀਰ ਅਤੇ ਭੈਣਾਂ ਇਸ ਧੰਨਤਾ ਤੋਂ ਵਾਂਝੇ ਰਹਿ ਜਾਣਗੇ, ਕਿਉਂਕਿ ਕਲਜੁਗੀ ਅਕਲ ਉਨ੍ਹਾਂ ਦੀ ਵਾਹ ਨਹੀਂ ਜਾਣ ਦੇਂਦੀ। ਉਨ੍ਹਾਂ ਨੂੰ ਸੌਖੇ ਪਾਠ ਕਰਨ ਦਾ ਹੀ ਮੇਨੀਆ ਚੰਬੜਿਆ ਹੋਇਆ ਹੈ।

੧੭. ਸਾਨੂੰ ਗੁਰਬਾਣੀ ਦੇ ਚਾਨਣ ਅੰਦਰ ਹੀ ਚਲਣਾ ਬਣਦਾ ਹੈ, ਨਾ ਕਿ ਮਨਮਤੀਆਂ ਦੀ ਬਹੁ-ਸੰਮਤੀ ਜਾਂ ਸਰਬ ਸੰਮਤੀ ਨਾਲ। ਗੁਰੂ-ਕਰਨੀ ਦੇ ਸਤਿਕਾਰ ਦੇ ਵੇਗ ਵਿਚ ਜੇ ਕੋਈ ਭੁੱਲ ਹੋ ਗਈ ਹੋਵੇ ਤਾਂ ਦਾਸ ਸੰਗਤਾਂ ਪਾਸੋਂ ਖਿਮਾ ਦਾ ਜਾਚਕ ਹੈ ਅਤੇ ਆਪਣਾ ਸੁਧਾਰ ਕਰਾਉਣ ਲਈ ਹਰ ਵਕਤ ਸੰਗਤਾਂ ਦਾ ਰਿਣੀ ਹੋ ਕੇ, ਤਿਆਰ ਹੈ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ।



www.AKJ.Org

ਕਾਰਵਾਈਆਂ (Formalities) ਪੂਰੀ ਕਰ ਕੇ ਅਸੀਂ ੮ ਨਵੰਬਰ ੭੮ ਨੂੰ, ਦਿਲੀ ਦੇ ਸਿੰਘਾਂ ਤੋਂ ਅਸੀਸਾਂ ਭਰੀ ਵਿਦਾਇਗੀ ਲੈ ਕੇ, ਪਾਲਮ (ਦਿਲੀ) ਅੱਡੇ ਤੋਂ ਪੈਨਮ ਹਵਾਈ ਜਹਾਜ਼ ਦੀ ਉਡਾਣ ਤੇ ਲੰਡਨ ਪੁਜੇ।

ਲੰਡਨ ਹੀਥਰੋ ਏਅਰ ਪੋਰਟ ਹਵਾਈ ਅੱਡੇ ਤੇ ਪੁਜਦਿਆਂ ਹੀ ਅਲੌਕਿਕ ਦ੍ਰਿਸ਼ ਦੇਖੇ। ਜਥੇਦਾਰ ਭਾਈ ਜੋਗਿੰਦਰ ਸਿੰਘ ਜੀ ਤੇ ਜਨਰਲ ਸੈਕ੍ਰੇਟਰੀ ਭਾਈ ਬੰਤਾ ਸਿੰਘ ਜੀ ਤਕਰੀਬਨ ੫੦ ਸਿੰਘਾਂ/ਬੀਬੀਆਂ ਨੂੰ ਨਾਲ ਲੈ ਕੇ ਸਿਹਰਿਆਂ ਤੇ ਕੈਮਰਿਆਂ ਸਮੇਤ ਹਵਾਈ ਅੱਡੇ ਤੇ ਪੁਜੇ ਹੋਏ ਸਨ।

ਆਇ ਮਿਲੁ ਗੁਰਸਿਖ ਆਇ ਮਿਲੁ
ਤੂ ਮੇਰੇ ਗੁਰੂ ਕੇ ਪਿਆਰੇ ॥ (ਪੰਨਾ ੭੨੫)

ਦੇ ਇਲਾਹੀ ਸ਼ਬਦ ਨੇ ਹਵਾਈ ਅੱਡੇ ਤੇ ਗੁੰਜਾਰਾਂ ਪਾ ਦਿਤੀਆਂ ਤੇ ਜੈਕਾਰਿਆਂ ਨਾਲ ਭਾਰਤ ਤੋਂ ਪੁਜੇ ਕੀਰਤਨੀ ਜਥੇ ਦਾ ਸਵਾਗਤ ਕੀਤਾ ਗਿਆ। ਸਚਮੁਚ ਨਾਰੰਗਵਾਲ ਦੀ ਯਾਦ ਤਾਜ਼ਾ ਹੋ ਗਈ, ਜਦੋਂ ਗੁਰਪੁਰਵਾਸੀ ਸ੍ਰੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਸਿੰਘਾਂ ਦੀ ਮਿਲਣੀ ਲਈ ਆਪ ਵਾਜਾ ਲੈ ਕੇ ਸ਼ਬਦ-ਕੀਰਤਨ ਦੀਆਂ ਧੁਨੀਆਂ ਨਾਲ ਸੰਗਤਾਂ ਦਾ ਸਵਾਗਤ ਕਰਦੇ ਹੁੰਦੇ ਸਨ। ਵਾਹ! ਵਾਹ!! ਉਹ ਖ਼ੂਬ ਅਜੀਬ ਨਿਰਾਲੇ ਨਜ਼ਾਰੇ ਸਨ।

ਸਿੰਘਾਂ ਦੀ ਕੀਤੀ ਹੋਈ ਇਕ ਬਸ ਵਿਚ ਸਾਨੂੰ ਬਿਰਮਿੰਘਮ ਲੈ ਗਏ ਅਤੇ ਭਾਈ ਬੰਤਾ ਸਿੰਘ ਜੀ ਦੇ ਕੀਤੇ ਪ੍ਰਬੰਧ ਅਨੁਸਾਰ ਅਸੀਂ ੧੦, ਹਫਟਿੰਗਟਨ ਰੋਡ, ਲੋਜ਼ਲਜ਼ ਤੇ ਡੇਰੇ ਲਾ ਲੀਤੇ। ਕੀਰਤਨ-ਸਮਾਗਮਾਂ ਦੇ ਪ੍ਰੋਗਰਾਮ ਭਾਈ ਜੋਗਿੰਦਰ ਸਿੰਘ, ਭਾ: ਬੰਤਾ ਸਿੰਘ, ਭਾ: ਗੁਰਮੇਜ ਸਿੰਘ ਤੇ ਭਾ: ਜਗਤਾਰ ਸਿੰਘ (ਡਰਬੀ) ਨੇ ਸਾਡੇ ਪੁਜਣ ਤੋਂ ਪਹਿਲਾਂ ਹੀ ਉਲੀਕੇ ਹੋਏ ਸਨ। ਜਥੇ ਦੇ ਪੁਜਦਿਆਂ ਸਾਰ ਹੀ ਲੋਕਲ ਪੇਪਰਾਂ ਵਿਚ ਕੀਰਤਨ-ਸਮਾਗਮਾਂ ਦੀ ਸੰਗਤਾ ਨੂੰ ਇਤਲਾਹ ਦਿਤੀ ਜਾਣੀ ਅਰੰਭ ਹੋ ਗਈ। ਇੰਗਲੈਂਡ ਦੇ ਤਕਰੀਬਨ ਸਾਰੇ ਵਡੇ ਵਡੇ ਸ਼ਹਿਰਾਂ ਵਿਚ, ਜਿਥੇ ਜਿਥੇ ਅਖੰਡ ਕੀਰਤਨੀ ਜਥੇ ਦੇ ਸਿੰਘ ਰਹਿੰਦੇ ਹਨ, ਉਨ੍ਹਾਂ ਸ਼ਹਿਰਾਂ ਦੇ ਗੁਰ-ਦੁਆਰਿਆਂ ਵਿਚ ਦੋ ਘੰਟੇ ਸਵੇਰੇ ਤੇ ਦੋ ਘੰਟੇ ਸ਼ਾਮ/ਰਾਤ, ਰੋਜ਼ਾਨਾ, ਦੇ ਕੀਰਤਨ ਰਖੇ ਗਏ। ਸੰਗਤਾਂ ਦੂਰੋਂ ਦੂਰੋਂ ਆਪਣੇ ਕੰਮਾਂ ਕਾਰਾਂ ਤੋਂ ਵਿਹਲੇ ਹੋ ਕੇ, ਗੱਡੀਆਂ/ਮੋਟਰਾਂ ਰਾਹੀਂ ਬਹੁ-ਗਿਣਤੀ ਵਿਚ ਸਮਾਗਮ ਤੇ ਪੁਜਦੀਆਂ ਰਹੀਆਂ। ਕਿਉਂਕਿ ਸਰਦ ਰੁਤ ਸੀ, ਬਾਰਿਸ਼ ਤੇ ਬਰਫ ਦਾ ਜ਼ੋਰ ਹੀ ਰਿਹਾ, ਪਰ

ਝਖੜੁ ਝਾਗੀ ਮੀਹੁ ਵਰਸੈ,
ਭੀ ਗੁਰੁ ਦੇਖਣ ਜਾਈ ॥੧੩॥
ਸਮੁੰਦੁ ਸਾਗਰੁ ਹੋਵੈ ਬਹੁ ਖਾਰਾ,
ਗੁਰਸਿਖੁ ਲੰਘਿ ਗੁਰ ਪਹਿ ਜਾਈ ॥੧੪॥...
ਪਾਲਾ ਕਕਰੁ ਵਰਫ ਵਰਸੈ
ਗੁਰਸਿਖੁ ਗੁਰ ਦੇਖਣ ਜਾਈ ॥੨੭॥
(ਪੰਨਾ ੭੫੭)

ਵਾਲੀ ਗੱਲ ਸੀ। ਇੰਗਲੈਂਡ ਵਿਚ ਸਾਡੇ ਰਹਿਣ ਦਾ ਸਮਾ ੮ ਨਵੰਬਰ ਤੋਂ ੩੧ ਦਸੰਬਰ ੭੮ ਤਕ ਹੀ ਸੀ। ਇਸ ਸਮੇਂ ਵਿਚ ਰੋਜ਼ਾਨਾ ਕੀਰਤਨ ਸਮਾਗਮਾਂ ਤੋਂ ਇਲਾਵਾ ਅਖੰਡ ਪਾਠ ਸਮਾਗਮ ਭੀ ਹੋਏ, ਜਿਨ੍ਹਾਂ ਦਾ ਵੇਰਵਾ ਅੱਗੇ ਲਿਖਿਆ ਹੈ।

ਲੰਡਨ ਵਿਚ ਗੋਰੇ ਸਿੰਘਾਂ ਦਾ ਆਸ਼ਰਮ ਹੈ, ਜਿਸ ਦਾ ਨਾਮ ਗੁਰੂ ਰਾਮ ਦਾਸ ਆਸ਼ਰਮ ਹੈ। ਆਸ਼ਰਮ ਦੇ ਮੁਖੀਏ ਭਾਈ ਕਰਤਾਰ ਸਿੰਘ ਜੀ ਹਨ ਤੇ ਆਸ਼ਰਮ ਵਿਚ ਰਹਿਣ ਵਾਲੇ ਸਿੰਘ ਤੇ ਬੀਬੀਆਂ ਅੰਮ੍ਰਿਤਧਾਰੀ ਤਿਆਰ-ਬਰ-ਤਿਆਰ ਹਨ। ਇਨ੍ਹਾਂ ਦਾ ਪਹਿਨਣ,ਰਹਿਣ-ਸਹਿਣ ਸਾਰਾ ਅਮਰੀਕਨ ਸਿੰਘਾਂ ਨਾਲ ਮਿਲਦਾ ਜੁਲਦਾ ਹੈ। ਅਖੰਡ ਕੀਰਤਨੀ ਜਥੇ ਦੇ ਹੋ ਰਹੇ ਸਾਰੇ ਸਮਾਗਮਾਂ ਤੇ ਆਸ਼ਰਮ ਦੇ ਗੋਰੇ ਸਿੰਘ/ਬੀਬੀਆਂ ਨੇ ਹਾਜ਼ਰੀਆਂ ਭਰੀਆਂ ਤੇ ਕੀਰਤਨ ਸੁਣਾ ਕੇ ਲਾਹੇ ਪ੍ਰਾਪਤ ਕੀਤੇ। ੨੩ ਦਸੰਬਰ ੭੮ ਦੀ ਸ਼ਾਮ ਨੂੰ ਇਸ ਆਸ਼ਰਮ ਵਿਚ ਇਕ ਸਪੈਸ਼ਲ ਦੀਵਾਨ ਸਜਾਇਆ ਗਿਆ, ਜਿਸ ਵਿਚ ਅਖੰਡ ਕੀਰਤਨੀ ਜਥਾ ਯੂ. ਕੇ. ਤੇ ਭਾਰਤ ਤੋਂ ਆਏ ਜਥੇ ਨੇ ਕੀਰਤਨ ਦੀਆਂ



www.AKJ.Org

ਹਾਜ਼ਰੀਆਂ ਭਰੀਆਂ । ਲੰਡਨ ਦੀਆਂ ਸਿਖ-ਸੰਗਤਾਂ ਇਸ ਸਮਾਗਮ ਤੇ ਬਹੁ-ਗਿਣਤੀ ਵਿਚ ਸ਼ਾਮਿਲ ਹੋਈਆਂ। ਗੋਰੇ ਸਿੰਘ/ਬੀਬੀਆਂ ਨੇ ਇਸ ਸਮਾਗਮ ਤੇ ਆਪਣੇ ਹਥੀਂ ਲੰਗਰ (ਦਾਲਾ, ਪ੍ਰਸ਼ਾਦਾ) ਤਿਆਰ ਕੀਤਾ। ਲੰਗਰ ਬਹੁਤ ਸਵਾਦਿਸ਼ਟ ਸੀ ਤੇ ਲੰਗਰ ਤਿਆਰ ਕਰਨ ਦੀ ਵਿਧੀ ਪੰਜਾਬ ਦੇ ਲੰਗਰਾਂ ਵਰਗੀ ਹੀ ਸੀ । ਇਸ ਸਮਾਗਮ ਦੇ ਅਲੌਕਿਕ ਹੀ ਨਜ਼ਾਰੇ ਸਨ।

ਇੰਗਲੈਂਡ ਵਿਚ ਕੀਰਤਨ ਸਮਾਗਮਾਂ ਦੇ ਦੌਰਾਨ ਵਿਚ ਹੀ ਅਮਰੀਕਾ (ਭਾ: ਅਵਤਾਰ ਸਿੰਘ) ਤੇ ਕੈਨੇਡਾ (ਭਾ: ਜਗਤਾਰ ਸਿੰਘ) ਤੋਂ ਟੈਲੀਫੂਨ ਆਉਣੇ ਸ਼ੁਰੂ ਹੋ ਗਏ, ਜਿਨ੍ਹਾਂ ਵਿਚ ਉਨ੍ਹਾਂ ਨੇ ਸਾਡੇ ਜਥੇ ਨੂੰ ਨਿਊਯਾਰਕ ਤੇ ਟੋਰੈਂਟੋ ਪੁਜਣ ਦੀ ਮੰਗ ਕੀਤੀ । ਯੂ. ਕੇ. ਅਖੰਡ ਕੀਰਤਨੀ ਜਥੇ ਦੇ ਉਲੀਕੇ ਪ੍ਰੋਗਰਾਮ ਭਾਵੇਂ ਅਜੇ ਪੂਰੇ ਨਹੀਂ ਹੋਏ ਸਨ, ਪਰ ਅਮਰੀਕਾ ਤੇ ਕੈਨੇਡਾਂ ਦੇ ਸਿੰਘਾਂ ਦਾ ਪ੍ਰੇਮ-ਪਿਆਰ ਮੁਖ ਰਖਦੇ ਹੋਏ, ਸਾਨੂੰ ਅਗੇ ਜਾਣ ਦੀ ਆਗਿਆ ਮਿਲ ਗਈ।

੩੧ ਦਸੰਬਰ ੭੮ ਨੂੰ ਖ਼ੂਬ ਪੈਂਦੀ ਬਰਫ਼ ਤੇ ਕੜਾਕੇ ਦੀ ਠੰਡ ਵਿਚ ਸਾਨੂੰ ਅਸੀਸਾਂ ਭਰੀ ਵਿਦਾਇਗੀ ਦੇਣ ਲਈ ਤਕਰੀਬਨ ੩੦ ਸਿੰਘ/ਬੀਬੀਆਂ (Heathrow Airport) ਲੰਡਨ ਹਵਾਈ ਅੱਡੇ ਤੇ ਪੁਜੇ ਹੋਏ ਸਨ । ਉਨ੍ਹਾਂ ਤੋਂ ਵਿਦਾਇਗੀ ਲੈ ਕੇ ਅਸੀਂ ਏਅਰ ਇੰਡੀਆ ਦੀ ਉਡਾਣ ਤੇ ਚੜ੍ਹ ਕੇ ਅਮਰੀਕਾ (ਨਿਊ ਯਾਰਕ) ਪੁਜੇ।

ਕੈਨੇਡਾ ਦੀ ਨਿਊਯਾਰਕ ਏਅਰ ਪੋਰਟ ਤੇ ਉਥੋਂ ਦੇ ਕੁਝ ਗੁਰੂ ਪਿਆਰੇ, ਕੀਰਤਨੀ ਜਥੇ ਦੇ ਸਿੰਘਾਂ ਨੂੰ 'ਜੀ ਆਇਆਂ' ਆਖਣ ਲਈ ਪੁਜੇ ਹੋਏ ਸਨ। ਉਨ੍ਹਾਂ ਬੜੇ ਚਾਉ, ਪ੍ਰੇਮ ਤੇ ਸਤਿਕਾਰ ਨਾਲ ਸਾਡਾ ਬਿਸਰਾਮ ਆਦਿ ਦਾ ਪ੍ਰਬੰਧ ਕੀਤਾ। ਪਹਿਲੇ ਦੋ ਦਿਨਾਂ ਦੀ ਰਿਹਾਇਸ਼ ਭਾਈ ਜਗਤ ਮੋਹਨ ਸਿੰਘ ਜੀ ਦੇ ਘਰ ਵਿਖੇ ਹੀ ਦਾਸ ਨੂੰ ਹਰਭਜਨ ਸਿੰਘ ਜੋਗੀ ਜੀ ਦਾ ਫ਼ੂਨ ਆਇਆ, ਜਿਸ ਵਿਚ ਉਨ੍ਹਾਂ ਨੇ ਸਾਰੀ ਅਮਰੀਕਾ ਵਿਚ ਕੀਰਤਨ ਕਰਨ ਦੀ ਸੇਵਾ ਕਰਨ ਲਈ ਪ੍ਰੇਰਨਾ ਕੀਤੀ; ਪਰ ਸਮਾਂ ਥੋੜਾ ਹੋਣ ਦੇ ਕਾਰਨ ਦਾਸ ਨੇ ਉਨ੍ਹਾਂ ਤੋਂ ਖਿਮਾ ਮੰਗੀ। ਭਾਈ ਸਾਹਿਬ ਜੀਵਨ ਸਿੰਘ (ਕੈਨੇਡਾ—ਵੈਨਕੋਵਰ) ਵਲੋਂ ਭੀ ਅਜਿਹੇ ਟੈਲੀਫ਼ੂਨ ਮਿਲੇ ਤੇ ਉਨ੍ਹਾਂ ਤੋਂ ਭੀ ਖਿਮਾ ਮੰਗੀ।

ਦੋ ਦਿਨ ਮਗਰੋਂ ਜਥੇ ਦਾ ਉਤਾਰਾ ਭਾਈ ਅਵਤਾਰ ਸਿੰਘ ਜੀ ਪੈਰਾਮਸ (ਨਿਊ ਜਰਸੀ—ਅਮਰੀਕਾ) ਦੇ ਗ੍ਰਿਹ ਹੋ ਗਿਆ। ਉਨ੍ਹਾਂ ਨੇ ਨਿਊਯਾਰਕ ਤੇ ਨਿਊ ਜਰਸੀ ਦੀਆਂ ਸੰਗਤਾਂ ਨਾਲ ਮਿਲ ਕੇ ਪਹਿਲਾਂ ਹੀ ਕੀਰਤਨ ਸਮਾਗਮਾਂ ਦੇ ਪ੍ਰੋਗਰਾਮ ਉਲੀਕੇ ਹੋਏ ਸਨ। ਰੋਜ਼ਾਨਾ ਦੋਨੋਂ ਸਮੇਂ ਕੀਰਤਨ ਸਮਾਗਮ ਜੁੜੇ। ਪੈਰਾਮਸ (ਨਿਊ ਜਰਸੀ) ਤੇ ਨਿਊਯਾਰਕ, ਦੋਨੋਂ ਸ਼ਹਿਰ ਨਾਲ ਨਾਲ ਹੀ ਲਗਦੇ ਹਨ; ਇਸ ਲਈ ਦੋਨੋਂ ਸ਼ਹਿਰਾਂ ਦੀ ਸੰਗਤ ਕਾਰਾਂ ਰਾਹੀਂ ਸਮਾਗਮਾਂ ਤੇ ਉਦਮ ਕਰ ਕੇ ਪੁਜਦੀ ਰਹੀ। ਸਾਰੇ ਨਿਊਯਾਰਕ ਤੇ ਨਿਊ ਜਰਸੀ ਵਿਚ ਇਹ ਕੇਵਲ ਸਵਾ ਲਖ ਹੀ ਜਥੇ ਦੇ ਸਿੰਘ ਹਨ, ਜੋ ਗੁਰੂ ਦੀ ਅਪਾਰ ਕਿਰਪਾ ਦੁਆਰਾ ਇਨ੍ਹਾਂ ਦੋਨੋਂ ਸ਼ਹਿਰਾਂ ਦੀਆ ਸੰਗਤਾਂ ਨੂੰ ਪ੍ਰੇਰ ਕੇ ਕੀਰਤਨ ਸਮਾਗਮਾਂ ਤੇ ਜੋੜਦੇ ਹਨ । ਤਕਰੀਬਨ ਹਰ ਸਮਾਗਮ ਤੇ ਆਪਣੇ ਘਰੋਂ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਵਾਰਾ ਆਪਣੀ ਕਾਰ ਵਿਚ ਬੜੇ ਸਤਿਕਾਰ ਨਾਲ ਲੈ ਕੇ ਪੁਜਦੇ ਹਨ। ਭਾਵੇਂ ਅਜੇ ਗੁਰਦੁਆਰਾ ਲਈ ਕੋਈ ਪੱਕਾ ਅਸਥਾਨ ਨਹੀਂ ਬਣਿਆ, ਘਰਾਂ ਘਰਾਂ ਵਿਚ ਤੇ ਚਰਚ ਦੀ ਬਿਲਡਿੰਗ ਵਿਚ ਹਫ਼ਤਾਵਾਰੀ ਕੀਰਤਨ ਸਮਾਗਮ ਰਖ ਕੇ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ। ਗੁਰੂ ਸਾਹਿਬ ਇਨ੍ਹਾਂ ਨੂੰ ਹੋਰ ਬਲ ਬਖਸ਼ਣ।

ਅਸੀਂ ਇਹ ਮਹਿਸੂਸ ਕੀਤਾ ਕਿ ਜੇਕਰ ਭਾਈ ਅਵਤਾਰ ਸਿੰਘ ਜੀ ਨਾਲ ਕੁਝ ਹੋਰ ਸਿੰਘ ਤਿਆਰ-ਬਰ-ਤਿਆਰ ਹੋਣ ਤਾਂ ਇਹ ਸੇਵਾ ਖ਼ੂਬ ਨਿਭਾ ਸਕਣਗੇ। ਸੋ ਗੁਰੂ ਦਾ ਆਸਰਾ ਲੈ ਕੇ ਅਸੀਂ ਨਿਊਯਾਰਕ ਤੇ ਨਿਊ ਜਰਸੀ ਦੇ ਕੀਰਤਨ ਸਮਾਗਮਾਂ ਤੇ ਅੰਮ੍ਰਿਤ-ਸੰਚਾਰ ਸਮਾਗਮ ਦੀ ਸੰਗਤਾਂ ਨੂੰ ਸੂਚਨਾ



www.AKJ.Org

ਦੇ ਦਿਤੀ । ਅੰਮ੍ਰਿਤ-ਸਿੰਚਾਰ ਲਈ ਸਾਡੇ ਨਾਲ ਤਿੰਨ ਸਿੰਘਾਂ ਦੀ ਹੋਰ ਲੋੜ ਸੀ। ਟੋਰੰਟੋ (ਕੈਨੇਡਾ), ਨਿਊਯਾਰਕ ਤੋਂ ੫੦੦ ਮੀਲ ਦੀ ਦੂਰੀ ਤੇ ਹੈ। ਟੈਲੀਫੂਨ ਕਰ ਕੇ ਟੋਰੰਟੋ ਤੋਂ ਤਿੰਨ ਸਿੰਘਾਂ ਦੀ ਮੰਗ ਕੀਤੀ ਗਈ ਤੇ ਉਥੋਂ ਭਾਈ ਜਗਤਾਰ ਸਿੰਘ, ਭਾ: ਪਿਆਰਾ ਸਿੰਘ ਤੇ ਭਾਈ ਫ਼ੌਜਾ ਸਿੰਘ ਜੀ ਆ ਕੇ ਸਾਡੇ ਨਾਲ ਸ਼ਾਮਿਲ ਹੋ ਗਏ। ਪੈਰਾਮਸ (ਨਿਊ ਜਰਸੀ) ਭਾਈ ਅਵਤਾਰ ਸਿੰਘ ਜੀ ਦੇ ਬੰਗੇ ਤੇ ਹੀ ਅੰਮ੍ਰਿਤ-ਸਿੰਚਾਰ ਸਮਾਗਮ ਹੋਏ, ਜਿਸ ਵਿਚ ਗੁਰੂ ਘਰ ਦੀ ਬਖਸ਼ਸ਼ ਨਾਲ ੫ ਸਿੰਘ ਨਵੇਂ ਤਿਆਰ-ਬਰ-ਤਿਆਰ ਹੋਏ। ਅਮਰੀਕਾ ਜਿਹੇ ਮੁਲਖਾਂ ਵਿਚ, ਜਿਥੇ ਐਸ਼-ਇਸ਼ਰਤ ਮਾਇਆ ਦਾ ਪਸਾਰਾ ਤੇ ਕਲਜੁਗ ਹੜ ਮਾਰ ਰਿਹ ਹੈ, ਪੰਜ ਸਿੰਘਾਂ ਦਾ ਸਜਣਾ ਬਹੁਤ ਹੀ ਮਹੱਤਤਾ ਰਖਦਾ ਹੈ।

ਗਿ: ਗੁਰਦੀਪ ਸਿੰਘ ਜੀ ਸਾਬਕਾ ਹੈਡ ਗ੍ਰੰਥੀ ਗੁਰਦੁਆਰਾ ਸੀਸ ਗੰਜ ਦਿਲੀ, ਅਜ ਕਲ੍ਹ ਸਿਖ ਕਲਚਰਲ ਸੋਸਾਇਟੀ ਨਿਊਯਾਰਕ ਵਿਖੇ ਹੈੱਡ ਗ੍ਰੰਥੀ ਦੀ ਸੇਵਾ ਨਿਭਾ ਰਹੇ ਹਨ । ਗਿਆਨੀ ਜੀ ਦਾ ਅਖੰਡ ਕੀਰਤਨੀ ਜਥੇ ਨਾਲ ਬਹੁਤ ਪ੍ਰੇਮ ਪਿਆਰ ਹੈ ਤੇ ਆਪ ਜੀ ਨੂੰ ਗੁਰਪੁਰ-ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ਨਾਲ ਕੀਰਤਨ ਕਰਨ ਦਾ ਸੁਭਾਗ ਪ੍ਰਾਪਤ ਹੈ । ਸਾਡੇ ਨੀਊਯਾਰਕ ਵਿਖੇ ਹੋਏ ਕੀਤਰਨਾਂ ਵਿਚ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਆਪ ਜੀ ਵਲੋਂ ਸੰਗਤਾਂ ਨੂੰ ਦਿਤੀ ਗਈ ਸੂਚਨਾ ਦਾ ਸਦਕਾ, ਸੰਗਤਾਂ ਦੀ ਹਾਜ਼ਰੀ ਬਹੁਤ ਵਧ ਗਈ ਸੀ।

ਟੋਰੰਟੋਂ (ਕੈਨੇਡਾ) ਦੇ ਸਿੰਘਾਂ ਦੀ ਖਿਚ ਕਾਰਨ ਅਸੀਂ ੧੬ ਜਨਵਰੀ ੭੯ ਨੂੰ Alleghany Air Lines ਦੀ ਉਡਾਣ ਫੜ ਕੇ ਟੋਰੰਟੋ ਪੁਜੇ। ਹਵਾਈ ਅਡੇ ਤੇ ਭਾਈ ਜਗਤਾਰ ਸਿੰਘ, ਭਾਈ ਚਰਨ ਸਿੰਘ ਤੇ ਕੁਝ ਬੀਬੀਆਂ ਸਾਨੂੰ ਲੈਣ ਲਈ ਆਏ ਹੋਏ ਸਨ । ਏਥੇ ਸਾਡਾ ਉਤਾਰਾ ਭਾਈ ਚਰਨ ਸਿੰਘ ਜੀ ਦੇ ਘਰ ਹੀ ਹੋਇਆ। ਕੈਨੇਡਾ ਦੇ ਹਿਸੇ ਵਿਚ ਕੀਰਤਨ ਸੇਵਾ ਲਇਆ ਕੇਵਲ ਇਕ ਹਫਤਾ ਹੀ ਦੇ ਸਕੇ ਸੀ। ਕੀਰਤਨ ਸਮਾਗਮ ਖ਼ੂਬ ਚੜ੍ਹਦੀਆਂ ਕਲਾਂ ਵਿਚ ਨਿਭੇ। ਹੋਏ ਸਮਾਗਮਾਂ ਦਾ ਵੇਰਵਾ ਅਗੇ ਦਿਤਾ ਜਾਂਦਾ ਹੈ।

ਟੋਰੰਟੋ ਵਿਚ ਅਖੰਡ ਕੀਰਤਨੀ ਜਥੇ ਦੇ ਕਾਫ਼ੀ ਪਰਵਾਰ ਹਨ। ਸਿੰਘ ਘਰੀਂ ਵਿਚ ਮਿਲ ਜੁੜ ਕੇ ਸਮਾਗਮ ਰਖਦੇ ਹਨ । ਭਾਈ ਸਾਹਿਬ ਜੀਵਨ ਸਿੰਘ, ਜੋ ਅਜ ਕਲ੍ਹ ਵੈਨਕੋਵਰ (ਕੈਨੇਡਾ) ਵਿਚ ਸੇਵਾ ਕਰ ਰਹੇ ਹਨ, ਪਹਿਲਾਂ ਟੋਰੰਟੋ ਵਿਚ ਕੀਰਤਨ ਦੀ ਸੇਵਾ ਕਰ ਚੁਕੇ ਹਨ। ਇਸ ਲਈ ਉਨ੍ਹਾਂ ਦੀ ਕੀਤੀ ਸੇਵਾ ਦਾ ਸਿੱਟਾ ਨਜ਼ਰ ਆਉਂਦਾ ਸੀ।

ਟੋਰੰਟੋ ਵਿਚ ਰਹਿ ਰਹੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਪ੍ਰਤੀ ਸਨਿਮਰ ਬੇਨਤੀ ਹੈ ਕਿ ਆਮ ਸਿਖ ਜਨਤਾ ਨੂੰ ਬੜੇ ਪ੍ਰੇਮ ਪਿਆਰ ਨਾਲ, ਨਾਲ ਲੈ ਕੇ ਚਲਣ ਤੇ—

"ਹੋਇ ਇਕਤ੍ਰ ਮਿਲਹੁ ਮੇਰੇ ਭਾਈ,
ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ,
ਗੁਰਮੁਖਿ ਬੈਸਹੁ ਸਫਾ ਵਿਛਾਇ ॥"

ਵਾਲੀ ਅਵੇਸਥਾ ਧਾਰਨ ਕਰ ਕੇ ਗੁਰਮਤਿ ਸੇਵਾ ਤੋੜ ਨਿਭਾਉਣ। ਇਹ ਕੇਵਲ ਸਾਡਾ ਇਕ ਤਰਲਾ ਹੈ। ਆਸ ਹੈ ਸਾਡੀ ਝੋਲੀ ਖੈਰ ਪਵੇਗੀ।

ਟੋਰੰਟੋ ਦੇ ਸਿੰਘਾ ਤੋਂ ਵਿਦਾ ਲੈ ਕੇ ਅਸੀਂ ਨਿਊਯਾਰਕ ਰਾਹੀਂ ੨੫ ਜਨਵਰੀ ੭੯ ਨੂੰ ਮੁੜ ਲੰਡਨ ਪੁਜੇ। ਏਥੇ ਸਾਡੇ ਕੋਲ ਕੁਲ ਦੋ ਦਿਨ ਹੀ ਸਨ, ਇਨ੍ਹਾਂ ਦੋ ਦਿਨਾਂ ਵਿਚ ਯੂ. ਕੇ. ਦੀਆਂ ਸੰਗਤਾਂ ਮੁੜ ਜੁੜ ਬੈਠੀਆਂ ਤੇ ਅਖੀਰਲਾ ਕੀਰਤਨ ਸਮਾਗਮ ਸਾਡੇ ਜਥੇ ਦੇ ਪੁਰਾਤਨ ਗਿਆਨੀ ਅਮੋਲਕ ਸਿੰਘ ਜੀ ਦੇ ਗ੍ਰਹਿ ਹੋਇਆ । ਗਿਆਨੀ ਅਮੋਲਕ ਸਿੰਘ ਜੀ ਨੂੰ ਗੁਰਪੁਰਵਾਸੀ ਭਾਈ ਸਾਹਿਬ ਜੀ ਨਾਲ ਕੀਰਤਨ ਕਰਨ ਦਾ ਸੁਭਾਗ ਪ੍ਰਾਪਤ ਹੈ।

੨੭ ਜਨਵਰੀ ੭੯ ਨੂੰ ਯੂ. ਕੇ. ਦੀਆਂ ਸੰਗਤਾਂ ਤੋਂ ਵਿਦਾਇਗੀ ਲੈ ਕੇ ਅਸੀਂ ਆਪਣੇ ਪਿਆਰੇ ਦੇਸ ਭਾਰਤ ਵਰਸ਼ ਲਈ ਮੁੜ ਵਾਗਾਂ ਮੋੜੀਆਂ ਤੇ ਪੈਨਮ ਦੇ ਹਵਾਈ ਜਹਾਜ਼ ਰਾਹੀਂ ੨੮ ਜਨਵਰੀ


www.AKJ.Org

੭੯ ਸਵੇਰੇ ਤਿੰਨ ਵਜੇ ਪਾਲਮ (ਨਵੀਂ ਦਿਲੀ) ਪੁਜੇ। ਪਾਲਮ ਅੱਡੇ ਤੇ ਮਾਸਟਰ ਹਰਬੰਸ ਸਿੰਘ ਜੀ ਤੇ ਡਾਕਟਰ ਦਲਬੀਰ ਸਿੰਘ ਜੀ ਤਕਰੀਬਨ ੩੦ ਸਿੰਘਾਂ/ਬੀਬੀਆਂ ਨੂੰ ਨਾਲ ਲੈ ਕੇ ਪੁਜੇ ਹੋਏ ਸਨ।

"ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ
ਰਾਮ॥ ਘਰਿ ਆਪਨੜੈ ਖੜੀ ਤਕਾ, ਮੈ
ਮਨਿ ਚਾਉ ਘਨੇਰਾ ਰਾਮ॥" (ਪੰਨਾ ੭੬੪)

ਸ਼ਬਦ ਕੀਰਤਨ ਰਾਹੀਂ ਸਾਨੂੰ ਕੂਕਰਾਂ ਨੂੰ ਨਿਵਾਜਿਆ ਗਿਆ, ਜਿਸ ਲਈ ਅਸੀਂ ਸਦਾ ਹੀ ਰਿਣੀ ਹਾਂ।

ਇੰਗਲੈਂਡ, ਅਮਰੀਕਾ ਤੇ ਕੈਨੇਡਾ ਵਿਚ ਨਵੰਬਰ ਦਸੰਬਰ ਤੇ ਜਨਵਰੀ ਵਿਚ ਬਰਫਾਂ ਹੀ ਪੈਂਦੀਆਂ ਹਨ ਤੇ ਟੈਂਪਰੇਚਰ ਜ਼ੀਰੋ ਤੋਂ ਹੇਠਾਂ ਹੀ ਰਹਿੰਦਾ ਹੈ। ਅਜਿਹੀ ਕੜਾਕੇ ਦੀ ਠੰਡ ਵਿਚ ਇਹ ਵਰਨਣ ਯੋਗ ਗੱਲ ਹੈ ਕਿ ਸਿੰਘ ਰੋਜ਼ਾਨਾ ਸਾਡੇ ਡੇਰੇ ਤੇ ਦੋ ਵਜੇ ਜੁੜ ਜਾਂਦੇ ਸਨ ਤੇ ਖ਼ੂਬ ਨਾਮ ਦੇ ਖੰਡੇ ਖੜਕਦੇ। ਸੁਖਮਨੀ ਸਾਹਿਬ ਤੇ ਨਿਤਨੇਮ ਦੇ ਪਾਠ ਦਾ ਭੋਗ ਤਕੀਰਬਨ ਪ ਵਜੇ ਪੈ ਜਾਂਦਾ ਰਿਹਾ ਹੈ। ਇਹ ਸੱਚੇ ਸਤਿਗੁਰੂ ਦੀ ਆਪਣੀ ਵਡਿਆਈ ਹੈ। ਸਾਡੇ ਜਿਹੇ ਢਿੱਲੜ ਸਿੰਘ ਭੀ ਸਾਧ ਸੰਗਤ ਦੀ ਕਿਰਪਾ ਤੇ ਉਦਮ ਨਾਲ ਇਹ ਰੰਗ ਮਾਣਦੇ ਰਹੇ।

ਇਕ ਹੋਰ ਗੱਲ ਲਿਖਣ ਵਿਚ ਕੋਈ ਸੰਕੋਚ ਨਹੀਂ ਹੈ ਕਿ ਪ੍ਰਦੇਸਾਂ ਵਿਚ ਵਸਦੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ/ਬੀਬੀਆਂ ਵਿਚ ਗੁਰਬਾਣੀ, ਕੀਰਤਨ ਤੇ ਗੁਰੂ ਸਾਹਿਬ ਦੀ ਤੱਤ ਗੁਰਮਤਿ ਲਈ ਬਹੁਤ ਤੜਪ ਹੈ। ਸਿੰਘ ਨੂੰ ਜਦੋਂ ਸਿੰਘ ਮਿਲਦਾ ਹੈ, ਦੋਨੋਂ ਹੀ ਖ਼ੂਬ ਜ਼ੋਰ ਨਾਲ ਨਿਸ਼ੰਗ ਹੋ ਕੇ ਜਫਾ ਪਾ ਕੇ ਖੰਡਾ ਖੜਕਾਂਦੇ ਹਨ ਤੇ ਸਾਡੀ ਤਰ੍ਹਾਂ ਸੰਕੋਚ ਨਹੀਂ ਕਰਦੇ। ਇਹ ਚੀਜ਼ ਇੰਡੀਆ ਵਿਚ ਘੱਟਦੀ ਜਾ ਰਹੀ ਹੈ। ਸਿੰਘਾਂ ਦਾ ਪਹਿਰਾਵਾ ਭੀ ਬਹੁਤ ਸਾਦਾ ਹੈ। ਕਾਲੇ ਰੰਗ ਦੀ ਦਸਤਾਰ, ਕੁੜਤੇ-ਪਜਾਮੇ ਨੂੰ ਤਰਜੀਹ ਦੇਂਦੇ ਹਨ।

ਇੰਗਲੈਂਡ ਅਮਰੀਕਾ ਤੇ ਕੈਨੇਡਾ ਵਿਚ ਹੋਏ ਗੁਰਮਤਿ ਸਮਾਗਮਾਂ ਦਾ ਵੇਰਵਾ ਇਸ ਪ੍ਰਕਾਰ ਹੈ :—

## ਅੰਮ੍ਰਿਤ ਵੇਲੇ ਤੇ ਰਾਤ ਦੇ ਕੀਰਤਨ

### ਇੰਗਲੈਂਡ

- ਦਸਮੇਸ਼ ਸਿਖ ਟੈਂਪਲ, ਲਾਜ਼ਲਜ਼, ਬਿਰਮਿੰਘਮ
- ਸਿਖ ਟੈਂਪਲ, ਡਡਲੀ
- ਗੁਰੂ ਨਾਨਕ ਗੁਰਦੁਆਰਾ, ਸਮੈਦਿਕ
- ਗੁਰਦੁਆਰਾ ਰਾਮਗੜ੍ਹੀਆ, ਬਿਰਮਿੰਘਮ
- ਬੇਬੇ ਨਾਨਕੀ ਸਤਸੰਗ ਸਭਾ, ਹੈਂਡਜ਼ਵਰਥ, ਬਿਰਮਿੰਘਮ
- ਗੁਰੂ ਅਰਜਨ ਦੇਵ ਗੁਰਦੁਆਰਾ, ਡਰਬੀ
- ਗੁਰਦੁਆਰਾ ਰਾਮਗੜ੍ਹੀਆ, ਡਰਬੀ
- ਗੁਰਦੁਆਰਾ ਰਾਮਗੜ੍ਹੀਆ, ਕੋਵੈਂਟਰੀ
- ਸਿਖ ਟੈਂਪਲ, ਲਿਮਿੰਗਟਨ
- ਨਾਨਕਸਰ ਗੁਰਦੁਆਰਾ, ਸਟਰੈਫੋਰਡ
- ਸਿਖ ਟੈਂਪਲ, ਵਾਲਸਾਲ
- ਗੁਰਦੁਆਰਾ ਰਾਮਗੜ੍ਹੀਆ, ਲੀਡਜ਼
- ਗੁਰੂ ਗੋਬਿੰਦ ਸਿੰਘ ਟੈਂਪਲ, ਬਰੈਡਫੋਰਡ
- ਸਿਖ ਟੈਂਪਲ, ਹਡਰਫ਼ੀਲਡ
- ਗੁਰੂ ਨਾਨਕ ਸਿਖ ਸੰਗਤ ਸਿਖ ਟੈਂਪਲ, ਹਡਰਫ਼ੀਲਡ
- ਸ੍ਰੀ ਗੁਰੂ ਸਿੰਘ ਸਭਾ, ਸਾਊਥਾਲ, ਲੰਡਨ
- ਗੁਰੂ ਰਾਮਦਾਸ ਆਸ਼ਰਮ, ਲੰਡਨ
- ਸਿਖ ਟੈਂਪਲ, ਈਸਟਹੈਮ, ਲੰਡਨ
- ਨਾਨਕ ਦਰਬਾਰ, ਗਰੇਵਜ਼ਐਂਡ
- ਸਿਖ ਟੈਂਪਲ, ਰੌਚੈਸਟਰ, ਕੇਂਟ

### ਅਮਰੀਕਾ

- ਸਿਖ ਕਲਚਰਲ ਸੋਸਾਇਟੀ, ਰਿਚਮੋਂਡ ਹਿਲ, ਨਿਊਯਾਰਕ
- ਭਾ: ਜਗਤ ਮੋਹਨ ਸਿੰਘ, ਬਰਕਲਿਨ ਨਿਊਯਾਰਕ
- ਡਾ: ਛਾਬੜਾ, ਨਿਊਯਾਰਕ
- ਭਾ: ਅਵਤਾਰ ਸਿੰਘ ਪੈਰਾਮਸ (ਨਿਊ ਜਰਸੀ)
- ਪੈਰਾਮਸ ਵਿਖੇ ਰੋਜ਼ਾਨਾ ਹੋਰ ਸਿੰਘਾਂ ਦੇ ਘਰ
- ਭਾ: ਚਰਨ ਸਿੰਘ, Passac (ਨਿਊ ਜਰਸੀ)
- West Chester County
- Cartret ਨਿਊ ਜਰਸੀ


www.AKJ.Org

**ਕੈਨੇਡਾ (ਟਰੈਂਟੋ)**

ਭਾ: ਗੁਰਦੀਪ ਸਿੰਘ ਨਾਗਰਾ ਦੇ ਘਰ
ਭਾ: ਪਿਆਰਾ ਸਿੰਘ ਦੇ ਘਰ
ਭਾ: ਲਛਮਣ ਸਿੰਘ ਬੰਗਾ ਦੇ ਘਰ
ਭਾ: ਗੋਬਿੰਦਰ ਸਿੰਘ ਦੇ ਘਰ
ਭਾ: ਜਗਤ ਸਿੰਘ ਦੇ ਘਰ
ਗੁਰਦੁਆਰਾ ਪੌਪ

**ਕੀਰਤਨ ਰੈਣ ਸਬਾਈ**

ਸਿਖ ਟੈਂਪਲ ਡਰਬੀ U. K.
ਸ੍ਰੀ ਗੁਰੂ ਸਿੰਘ ਸਭਾ, ਸਾਊਥਾਲ, ਲੰਡਨ
ਸਿਖ ਕਲਚਰਲ ਸੋਸਾਇਟੀ, ਨਿਊਯਾਰਕ

**ਅਖੰਡ ਪਾਠ ਸਮਾਗਮ**

ਬੀਬੀ ਰਜਿੰਦਰ ਕੌਰ, ਬਿਰਮਿੰਘਮ
ਬੇਬੇ ਨਾਨਕੀ ਸਤਸੰਗ ਸਭਾ, ਬਿਰਮਿੰਘਮ
ਨਾਨਕਸਰ ਗੁਰਦੁਆਰਾ, ਸਟਰੈਫੋਰਡ
ਇਕ ਸਿੰਘ ਦੇ ਘਰ, ਲੰਡਨ

**ਅੰਮ੍ਰਿਤ-ਸਿੰਚਾਰ ਸਮਾਗਮ**

੭੮, ਕਰੀਊ ਸਟ੍ਰੀਟ ਡਰਬੀ—੩੫ ਸਿੰਘ ਸਜੇ।
ਸ੍ਰੀ ਗੁਰੂ ਸਿੰਘਸਭਾ,ਸਾਊਥਾਲ ੨੧ ਸਿੰਘ ਸਜੇ।
੧੪੯,ਫਾਰੈਸਟ ਐਵੀਨੀਊ,ਪੈਰਾਮਸ(ਨਿਊਜਰਸੀ)—
੫ ਸਿੰਘ ਸਜੇ
110, Nortonvill Drive, Scarbour, ont
ਕੈਨੇਡਾ, ੧੦ ਸਿੰਘ ਸਜੇ।

ਜਿਨ੍ਹਾਂ ਸਿੰਘਾਂ ਨੇ ਭਾਰਤ ਤੋਂ ਗਏ ਜਥੇ ਦੀ ਸੇਵਾ ਵਿਚ ਦਿਨ ਰਾਤ ਇਕ ਕੀਤਾ ਤੇ ਅਤੁਟ ਸੇਵਾ ਕੀਤੀ, ਉਨ੍ਹਾਂ ਦੇ ਨਾਂ ਲਿਖਣੇ ਜ਼ਰੂਰੀ ਹਨ । ਪਰ ਥਾਂ ਦੀ ਥੁੜ ਕਰਕੇ ਨਹੀਂ ਦਿਤੇ ਜਾ ਰਹੇ।

ਅੰਤ ਵਿਚ ਅਸੀਂ ਇੰਗਲੈਂਡ, ਅਮਰੀਕਾ ਤੇ ਕੈਨੇਡਾ ਦੇ ਸਿੰਘਾਂ ਦੇ ਬਹੁਤ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਨੇ ਛੁਟੀਆਂ ਲੈ ਕੇ, ਆਪਣੇ ਨਿਜੀ ਕੰਮ ਕਾਰ ਛੱਡ ਕੇ, ਸਾਨੂੰ ਹਰ ਤਰ੍ਹਾਂ ਨਿਵਾਜਿਆ ਹੈ। ਜਿਸ ਪ੍ਰੇਮ ਪਿਆਰ ਦਾ ਪ੍ਰਗਟਾਵਾ ਸਮੂਹ ਸੰਗਤਾਂ ਨੇ ਕੀਤਾ ਹੈ, ਉਹ ਸਦਾ ਹੀ ਯਾਦ ਰਹੇਗਾ। ਸੇਵਾ ਕਰਦਿਆਂ ਸਾਡੇ ਕੋਲੋਂ ਜੋ ਤਰੁੱਟੀਆਂ ਤੇ ਖ਼ਾਮੀਆਂ ਰਹਿ ਗਈਆਂ ਹਨ, ਦਾਸਾਂ ਨੂੰ ਬਖਸ਼ ਦੇਣਾ ਜੀ। ਸਚੇ ਸਤਿਗੁਰ ਅਗੇ ਅਰਦਾਸ—

ਬਹੁਤੁ ਦੁਆਰੇ ਭ੍ਰਮਿ ਭ੍ਰਮਿ ਆਇਆ ॥
ਤੁਮਰੀ ਕ੍ਰਿਪਾ ਤੇ ਤੁਮ ਸਰਣਾਇਆ ॥
ਸਦਾ ਸਦਾ ਸੰਤਹ ਸੰਗਿ ਰਾਖਹੁ
ਏਹੁ ਨਾਮ ਦਾਨੁ ਦੇਵਾਇਣਾ ॥੧੪॥

[ਮਾਰੂ ਸੋਲਹੇ ਮ: ੫, ਪੰਨਾ ੧੦੭੮

---

## ਕਾਰਜ ਸਾਧਕ ਕਮੇਟੀ ਦੇ ਮੈਂਬਰਾਂ ਦੇ ਨਾਂ

| ਪ੍ਰਤੀਨਿਧ | ਤੇ ਹਲਕਾ (ਦੇਸ-ਪ੍ਰਾਂਤ-ਜ਼ਿਲਾ) | ਪ੍ਰਤੀਨਿਧ | ਤੇ ਹਲਕਾ (ਦੇਸ਼-ਪ੍ਰਾਂਤ-ਜ਼ਿਲਾ) |
|---|---|---|---|
| ਭਾਈ ਅਵਤਾਰ ਸਿੰਘ ਜੀ | ਅਮਰੀਕਾ | ਮਾਸਟਰ ਉਜਾਗਰ ਸਿੰਘ ਜੀ | ਸੰਗਰੂਰ |
| ਭਾਈ ਪਿਆਰਾ ਸਿੰਘ ਜੀ | ਕੈਨੇਡਾ | ਭਾਈ ਲਖਦੇਵ ਸਿੰਘ ਜੀ | ਹੁਸ਼ਿਆਰਪੁਰ |
| ਭਾਈ ਜੋਗਿੰਦਰ ਸਿੰਘ ਜੀ | ਯੂ. ਕੇ. | ਭਾਈ ਜਗੀਰ ਸਿੰਘ ਜੀ ਪੂਹਲਾ | ਬਠਿੰਡਾ |
| ਭਾਈ ਮੋਹਨ ਸਿੰਘ ਜੀ | ਉੱਤਰ ਪ੍ਰਦੇਸ | ਭਾਈ ਬਲਵੰਤ ਸਿੰਘ ਜੀ ਖਾਲਸਾ | ਫ਼ੀਰੋਜ਼ਪੁਰ |
| ਭਾਈ ਬਰਿੰਦਰ ਸਿੰਘ ਜੀ | ਮੱਧ ਪ੍ਰਦੇਸ | ਗਿ: ਹਜ਼ਾਰਾ ਸਿੰਘ ਜੀ | ਗੁਰਦਾਸਪੁਰ |
| ਭਾਈ ਮਾਨ ਸਿੰਘ ਜੀ | ਬੰਗਾਲ ਬਿਹਾਰ | ?— | ਫ਼ਰੀਦ ਕੋਟ |
| ਭਾਈ ਭਜਨ ਸਿੰਘ ਜੀ | ਜੰਮੂ ਕਸ਼ਮੀਰ | ਭਾਈ ਗੁਰਬਖਸ਼ ਸਿੰਘ ਜੀ | ਕਪੂਰਥਲਾ |
| ਭਾਈ ਸੂਰਤ ਸਿੰਘ ਜੀ (ਪੂਰਨ ਜੀ) | ਚੰਡੀਗੜ੍ਹ | ਬੀਬੀ ਹਰਸ਼ਰਨ ਕੌਰ ਜੀ | ਜਲੰਧਰ |
| ਭਾਈ ਆਤਮਾ ਸਿੰਘ ਜੀ | ਹਰਿਆਣਾ | ? | ਲੁਧਿਆਣਾ |
| ਡਾ: ਦਲਬੀਰ ਸਿੰਘ ਜੀ | ਦਿਲੀ | ਭਾਈ ਬਲਬੀਰ ਸਿੰਘ ਜੀ | |
| ? | ਗੁਜਰਾਤ ਮਹਾਰਾਸ਼ਟਰ | | ਭਾ: ਸਾ: ਰਣਧੀਰ ਸਿੰਘ ਪਬਲਿਸ਼ਿੰਗ ਹਾਊਸ |
| ਭਾਈ ਚਰਨ ਸਿੰਘ ਜੀ | ਰੋਪੜ | ਭਾਈ ਜੋਗਿੰਦਰ ਸਿੰਘ ਜੀ | 'ਸੂਰਾ' ਮਾਸਿਕ ਪੱਤਰ |
| ਭਾਈ ਸੁਰਜੀਤ ਸਿੰਘ ਜੀ | ਪਟਿਆਲਾ | ਭਾਈ ਰਾਮ ਸਿੰਘ | ਅੰਮ੍ਰਿਤਸਰ |

ਪ੍ਰਤੀਨਿਧਾਂ ਦੇ ਚਰਨਾਂ ਵਿਚ ਬਿਨੈ ਹੈ ਕਿ ਉਹ ਆਪੋ ਆਪਣੇ ਹਲਕਿਆਂ ਦੇ ਲੋੜਵੰਦ ਪਰਵਾਰਾਂ ਦੀ ਸੂਚਨਾ ਕੇਂਦਰੀ ਦਫਤਰ ਨੂੰ ਭੇਜਣ ਜਿਨ੍ਹਾਂ ਨੂੰ ਕੇਂਦਰੀ ਫੰਡ ਵਿਚੋਂ ਮਾਇਕ ਸਹਾਇਤਾ ਦੀ ਲੋੜ ਹੈ। ਸੰਗਤਾਂ ਦਾ ਦਾਸ—ਰਾਮ ਸਿੰਘ (...)

www.AKJ.org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (9)

[ਵਲੋਂ—ਕੈਪਟਿਨ ਸਵਰਨ ਸਿੰਘ ਜੀ, ਘੜਿਆਲਾ]

ਲਾਹੌਰੋਂ ਅਬਦਾਲੀ ਇਸ ਰੋਹ ਤੇ ਮਾਣ ਨਾਲ ਘਲੂਘਾਰੇ ਵਾਲੀ ਛੂਟ ਲਾ ਕੇ ਚੜ੍ਹਿਆ ਸੀ ਕਿ ਫੇਰੇ ਵਿਚ ਸਿੰਘਾਂ ਨੂੰ ਸਮੇਟ ਕੇ ਭੌਂਦੇ ਪੈਰੀਂ ਮੁੜ ਆਵੇਗਾ ਤੇ ਇਹ ਘਲੂਘਾਰੇ ਨਾਲੋਂ ਵੀ ਵੱਡੀ ਭਲ ਹੋਵੇਗੀ, ਕਿਉਂਕਿ ਸਿੰਘ ਇਹ ਕਹਿੰਦੇ ਸਨ ਕਿ ਕੁਪ ਰਹੀੜੇ ਅਬਦਾਲੀ ਅਚਨਚੇਤ ਹੀ ਆ ਪਿਆ ਸੀ, ਜੇ ਕਿਤੇ ਮਿਥ ਕੇ ਮੁਕਾਬਲਾ ਹੋਵੇ ਤਾਂ ਸੁਆਦ ਆ ਜਾਵੇ। ਉਸ ਨੂੰ ਆਪ ਨੂੰ ਵੀ ਸਿੱਕ ਸੀ ਕਿ ਕਿਤੇ ਸਿੰਘ ਉਸ ਨਾਲ ਮਿਥ ਕੇ ਤੇ ਜੰਮ ਕੇ ਲੜਨ। ਹੁਣ ਉਸ ਦੀ ਸੋਚਣੀ ਇਹ ਸੀ ਦਿ ਹੁਣ ਜਦੋਂ ਕਿ ਸਿੰਘਾਂ ਵਲੋਂ ਹੀ ਇਹ ਮਿਥ ਕੇ ਜੰਗ ਅਰੰਭ ਹੋਈ ਹੈ ਤਾਂ ਜੇ ਮੈਂ ਉਹਨਾਂ ਨੂੰ ਅਗੇ ਧਰ ਕੇ ਉਹਨਾਂ ਦੀ ਗਭੇ-ਵਾਢ ਕਰ ਸੁਟਾਂ ਅਤੇ ਹਮੇਸ਼ਾ ਲਈ ਇਹਨਾਂ ਨੂੰ ਬਰਬਾਦ ਕਰ ਸੁਟਾਂ ਤਾਂ ਇਹ ਕਿੱਡੀ ਵਡੀ ਭਲ ਹੋਵੇਗੀ। ਉਹ ਪਲਾਂ ਵਿਚ ਤਰਦੀ ਤਰਦੀ ਮਲਾਈ ਲਾਹੁਣ ਆਇਆ ਸੀ, ਉਲਟਾ ਭੱਠੀ ਵਿਚ ਡਿੱਗ ਕੇ ਅੰਗਿਆਰਾਂ ਵਿਚ ਭੁੱਜਣ ਲਗਾ।

ਸੂਰਜ ਡੁਬਣ ਤੇ ਸੀ ਤੇ ਪੱਛਮ ਵਾਲੇ ਪਾਸੇ ਆਕਾਸ਼ ਵੀ ਲਾਲ ਹੋ ਚੁਕਿਆ ਸੀ। ਗਲੀਆਂ ਬਜ਼ਾਰ ਸਿੰਘਾਂ ਨੇ ਦੁਰਾਨੀਆਂ ਦੀਆਂ ਲਾਸ਼ਾਂ ਨਾਲ ਭਰ ਸੁਟੇ ਸਨ। ਲਹੂ ਲੁਹਾਨ ਕਰ ਛਡੇ ਸਨ। ਸਿੰਘ ਵੀ ਟੋਟੇ ਟੋਟੇ ਹੋ ਕੇ ਲੜੇ ਸਨ ਤੇ ਰੱਜ ਰੱਜ ਸ਼ਹੀਦੀ ਜਾਮ ਪੀਤੇ ਸਨ। ਕਾਫ਼ੀ ਸਿੰਘ ਵੀ ਸ਼ਹੀਦ ਹੋ ਚੁਕੇ ਸਨ। ਲੜਾਈ ਨੇ ਇਕ-ਦਮ ਮੋੜਾ ਖਾਧਾ ਤੇ ਸਿੰਘਾਂ ਦੁਰਾਨੀ ਫੌਜਾਂ ਨੂੰ ਧਕ ਕੇ ਕਿਲ੍ਹਾ ਗੋਬਿੰਦ ਗੜ੍ਹ ਤੋਂ ਅਗੇ ਧਰ ਲਿਆ। ਮੌਜੂਦਾ ਪੁਤਲੀ ਘਰ ਦਾ ਏਰੀਆ, ਰੇਲਵੇ ਕਾਲੋਨੀ ਤੇ ਰਾਣੀ ਕਾ ਬਾਗ ਤੇ ਕਚਹਿਰੀਆਂ ਵਾਲਾ ਥਾਂ ਲੜਾਈ ਦਾ ਪਿੜ ਬਣਿਆ ਹੋਇਆ ਸੀ। ਅਸਲ ਵਿਚ ਦੁਰਾਨੀ ਫੌਜਾਂ ਬਚਾਅ ਹੀ ਕਰ ਰਹੀਆਂ ਸਨ ਤੇ ਦਿਲ ਵਿਚ ਸਮੇਤ ਅਫਸਰਾਂ ਤੇ ਜਰਨੈਲਾਂ ਦੇ ਦੁਆਈਂ ਹੀ ਕਰ ਰਹੀਆਂ ਸਨ ਕਿ ਕਿਸੇ ਬਿਧ ਅੱਲਾ ਪਾਕ ਹੀ ਇਹਨਾਂ ਸਿੰਘਾਂ ਤੋਂ ਪਿਛਾ ਛੁਡਾਏ।

ਹੁਣ ਦੋਹਾ ਧਿਰਾਂ ਦਿਆਂ ਬਹਾਦਰਾਂ ਤੇ ਸੂਰਮਿਆਂ ਦੇ ਕਰੜੇ ਇਮਤਿਹਾਨ ਦਾ ਵੇਲਾ ਆ ਗਿਆ ਸੀ। ਪਰ ਅਫਗਾਨ ਤੇ ਉਜ਼ਬਕ ਸੂਰਮੇ ਬਚ ਬਚ ਕੇ ਪਿਛੇ ਹਟ ਰਹੇ ਸਨ। ਬਿਫਰੇ ਹੋਏ ਸ਼ੇਰਾਂ ਵਾਂਗ ਸਿੰਘ ਉਹਨਾਂ ਉਤੇ ਹੱਲੇ ਤੇ ਹੱਲਾ ਕਰ ਰਹੇ ਸਨ। ਇਸ ਮੌਕੇ ਤੇ ਹੁਣ ਗਹੁ ਨਾਲ ਵੇਖਣਾ ਇਹ ਹੈ ਕਿ ਏਸ਼ੀਆ ਦਾ ਮਹਾਨ ਜਰਨੈਲ, ਪਾਨੀਪਤ ਦੇ ਬਿਜ਼ੱਈ ਤੇ ਕੁਪ ਰਹੀੜੇ ਦੇ ਜੇਤੂ ਦੁਰਾਨੀ ਆਪਣੇ ਆਪ ਨੂੰ ਇਸ ਪਰਖ ਦੇ ਮੌਕਿਆ ਤੇ ਉਂਜ ਹੀ ਬਚਾ ਕੇ ਬੜੀ ਸ਼ਾਨ ਨਾਲ ਨਿਕਲ ਸਕਦੇ ਹਨ ਜਿਵੇਂ ਸਿੰਘਾਂ ਨੇ ਕੁਪ-ਰਹੀੜੇ ਦੀ ਲੜਾਈ ਵੇਲੇ ਆਪਣੇ ਆਪ ਨੂੰ ਬਚਾਇਆ ਸੀ ਜਾਂ ਪਾਨੀਪਤ ਦੀ ਲੜਾਈ (ਅਬਦਾਲੀ ਤੇ ਮਰਹੱਟਿਆਂ ਵਿਚ-ਕਾਰ) ਵੇਲੇ ਪੈਰ ਉਖੜੇ ਮਰਹੱਟਿਆਂ ਵਾਂਗ ਪਿਛੇ ਹਟਦਿਆਂ ਦੁਮ ਦਬਾ ਕੇ ਨਸ ਜਾਣ ਵਿਚ ਹੀ ਆਪਣੀ ਸੂਰਮਤਾਈ ਸਮਝ ਦੇ ਹਨ?

ਇਸ ਪਰਖ ਦੀ ਘਸਵਟੀ ਤੇ ਅਬਦਾਲੀ ਤੇ ਉਸ ਦੀ ਬਹਾਦਰ ਸਿਪਾਹ ਪੂਰੀ ਨਹੀਂ ਉਤਰਦੀ। ਉਹ ਬਿਲਕੁਲ ਫ਼ੇਲ੍ਹ ਹੋਏ ਹਨ।

ਲੜਾਈ ਵੇਲੇ ਵਧੀਕ ਤਾਕਤ ਹੋਣ ਕਾਰਨ ਜ਼ੋਰ ਪੈ ਜਾਣ ਤੇ ਅਗਾਂਹ ਵਧਦੇ ਜਾਣਾ ਅਤੇ ਬਚ ਬਚ ਕੇ ਲੜਦੇ ਦੁਸ਼ਮਣ ਨੂੰ ਅਗੇ ਧਕੀ ਜਾਣਾ ਕੋਈ ਔਖੀ ਗੱਲ ਨਹੀਂ, ਪਰ ਘੋਰ ਤੇ ਭਿਆਨਕ ਮੁਸੀਬਤ ਸਮੇਂ, ਜਦ ਚੁਫੇਰੇ ਮੌਤ ਨੱਚ ਰਹੀ ਹੋਵੇ, ਕੋਈ ਬਚਾਅ ਦੀ ਸੂਰਤ ਨਾ ਹੋਵੇ, ਕਿਸੇ ਪਾਸਿਓਂ ਕਿਸੇ ਆਸਰੇ ਦੀ ਆਸ ਨਾ ਹੋਵੇ ਤਾਂ ਇਸ



www.AKJ.Org

ਹਾਲਤ ਵਿਚ ਪਿਛੇ ਹਟਦਿਆਂ ਆਪਣੀ ਸੂਰਤ ਨੂੰ ਠੀਕ ਠਾਕ ਤੇ ਟਿਕਾਣੇ ਰਖਣਾ ਅਤੇ ਦੁਸ਼ਮਣ ਦੀ ਕੋਈ ਵੀ ਚਾਲ ਸਿਰੇ ਨਾ ਚੜ੍ਹਨ ਦੇਣੀ, ਇਹ ਹਾਰੀ ਸਾਰੀ ਦਾ ਕੰਮ ਨਹੀਂ। ਇਸ ਕਿਸਮ ਦਿਆਂ ਇਮਤਿਹਾਨਾਂ ਵਿਚ ਵਿਰਲੀਆਂ ਟਾਵੀਆਂ ਕੌਮਾਂ ਹੀ ਕਾਮਯਾਬ ਹੁੰਦੀਆਂ ਹਨ। ਅਸੀਂ ਨਿਰਪਖ ਹੋ ਕੇ ਵੇਖੀਏ ਤਾਂ ਨਿਰਸੰਦੇਹ ਮੰਨਣਾ ਪਵੇਗਾ ਕਿ ਇਸ ਘਸਵਟੀ ਤੇ ਸਿੰਘ ਪੂਰੇ ਉਤਰੇ ਸਨ। ਉਹਨਾਂ ਕੁਪ ਰਹੀੜੇ ਦੇ ਮੈਦਾਨ ਵਿਚ ਆਪਣੀ ਸੂਰਮਤਾਈ ਦੇ ਪੂਰੇ ਪੂਰੇ ਜੌਹਰ ਦਿਖਾਏ ਸਨ। ਆਪਣੀ ਬਹਾਦਰੀ ਤੇ ਸੂਰਮਤਾਈ ਦਾ ਉਹ ਸਬੂਤ ਦਿਤਾ ਕਿ ਉਸ ਦੀ ਮਿਸਾਲ ਇਤਿਹਾਸ ਵਿਚ ਕਿਧਰੇ ਨਹੀਂ ਮਿਲਦੀ।

ਸੁਹਿਰਦ ਪਾਠਕ ਜੀ, ਜ਼ਰਾ ਧਿਆਨ ਦੇਵੋ। ਕੁਪ ਰਹੀੜੇ ਦੇ ਮੁਕਾਮ ਤੇ ਸਿੰਘਾਂ ਉਤੇ ਅਬਦਾਲੀ ਨੇ ਅਚਨਚੇਤ ਹੱਲਾ ਕੀਤਾ ਹੈ। ਖਾਲਸਾ ਜੀ ਚੁਫੇਰਿਉਂ ਘਿਰਿਆ ਹੋਇਆ ਹੈ। ਨਾਲ ਬੱਚੇ, ਔਰਤਾਂ, ਬੁੱਢੇ, ਜ਼ਖਮੀ, ਬੀਮਾਰ, ਹਾਮਲਾ ਔਰਤਾਂ, ਕੁਛੜ ਬੱਚਿਆਂ ਵਾਲੀਆਂ ਔਰਤਾਂ, ਕਈ ਕਿਸਮ ਦਾ ਘਰੇਲੂ ਸਾਮਾਨ ਤੇ ਨਿੱਕਾ ਮੋਟਾ ਲਟਾ ਪਟਾ ਹੈ। ਇਸ ਵਹੀਰ ਵਿਚ ਜੋ ਆਦਮੀ ਵੀ ਸ਼ਾਮਲ ਹਨ, ਬਿਨਾਂ ਹਥਿਆਰਾਂ ਤੋਂ ਹਨ। ਗੱਡੇ ਭੇਡੇ, ਊਠ ਖਚਰਾਂ, ਮਾੜੇ ਮੋਟੇ ਘੋੜੇ ਟਟੂ ਹਨ, ਜਿਨ੍ਹਾਂ ਤੇ ਮਾਲ ਅਸਬਾਬ ਲੱਦਿਆ ਹੈ। ਕੋਈ ਟਿਕਾਣਾ ਨਹੀਂ। ਹਮਲਾ ਕਰਦਾ ਹੈ ਪਾਨੀ-ਪੱਤ ਦਾ ਬਿਜੱਈ ਤੇ ਏਸ਼ੀਆ ਦਾ ਜਰਨੈਲ! ਵਹੀਰ ਦੇ ਨਾਲ ਜੋ ਦਲ ਹੈ, ਉਹਨਾਂ ਪਾਸ ਮੁਕਾਬਲੇ ਦੇ ਹਥਿਆਰ ਵੀ ਨਹੀਂ, ਗੋਲੀ ਸਿੱਕੇ ਦਾ ਕੋਈ ਪਰਬੰਧ ਨਹੀਂ, ਗਿਣਤੀ ਵੀ ਥੋੜੀ ਹੈ। ਕੋਈ ਤੋਪਾਂ, ਬੰਦੂਕਾਂ ਤੇ ਜਜ਼ਾਇਲਾਂ ਨਹੀਂ। ਘੋੜੇ ਵੀ ਪੂਰੇ ਨਹੀਂ, ਬਹੁਤਾ ਦਲ ਪੈਦਲ ਹੈ। ਵੇਖਿਆ ਜਾਵੇ ਤਾਂ ਕੀ ਮੁਕਾਬਲਾ ਹੈ? ਅਬਦਾਲੀ ਤੇ ਉਸ ਦੇ ਦੇਸੀ ਹਵਾਰੀਆਂ ਦੀ ਕਾਮਯਾਬੀ ਤਾਂ ਇਸ ਵਿਚ ਸੀ ਜੇ ਦੁਹਾਂ ਚੌਹਾਂ ਘੜੀਆਂ ਵਿਚ ਚੁਫੇਰਿਉਂ ਘੇਰ ਕੇ ਇਕ ਜੀਅ ਵੀ ਜੀਊਂਦਾ ਨਾ ਛਡਦੇ। ਇਹੋ ਹੀ ਧਾਰ ਕੇ ਤਾਂ ਇਹ ਹੱਲਾ ਹੋਇਆ ਸੀ। ਪਰ ਹੋਇਆ ਕੀ? ਬਿਲਕੁਲ ਇਸ ਤੋਂ ਉਲਟ। ਸਵੇਰ ਤੋਂ ਲੈ ਕੇ ਤੀਜੇ ਪਹਿਰ ਤੱਕ ਗਹਿਗੱਚ ਲੜਾਈ ਹੋਈ। ਕੁਪ ਰਹੀੜੇ ਤੋਂ ਸ਼ੁਰੂ ਹੋ ਕੇ ਕੁਤਬੇ ਬਾਹਮਣੀਆਂ ਤੋਂ ਅੱਗੇ ਅਠੂਰ ਤੱਕ ਘਮਸਾਨ ਦੇ ਹਲੇ ਹੁੰਦੇ ਰਹੇ ਤੇ ਅਬਦਾਲੀ ਆਪਣੇ ਬਿਹਤ੍ਰੀਨ ਜਰਨੈਲਾਂ ਦੀ ਸਹਾ-ਇਤਾ ਨਾਲ ਸਿੰਘਾਂ ਦੇ ਪੈਰ ਨਾ ਉਖੇੜ ਸਕਿਆ, ਵਹੀਰ ਨੂੰ ਖਾਲਸਾ ਦਲ ਨਾਲੋਂ ਅਲਹਿਦਾ ਨਾ ਕਰ ਸਕਿਆ। ਉਜ਼ਬੁਕ ਫੌਜਾਂ ਨੂੰ ਤਾਂ ਇਹ ਹੁਕਮ ਸੀ ਕਿ ਹਿੰਦੁਸਤਾਨੀ ਲਿਬਾਸ ਵਿਚ ਇਕ ਜੀਅ ਵੀ ਜੀਊਂਦਾ ਨਹੀਂ ਛਡਣਾ। ਅਬਦਾਲੀ ਨੇ ਅਜ ਇਕ ਤੋਂ ਇਕ ਕਰ ਛਡਣ ਦੀ ਮਿਥੀ ਹੋਈ ਸੀ। ਪਰ ਦੁਪਹਿਰ ਤਕ ਕੋਈ ਚਾਰਾ ਨਾ ਚਲਦਾ ਵੇਖ ਕੇ ਆਪ ਤਾਂ ਮਲੇਰ ਕੋਟਲੇ ਨੂੰ ਪਰਤ ਗਿਆ ਤੇ ਫੌਜਾਂ ਦੇ ਜ਼ਿੰਮੇ ਲਾ ਗਿਆ ਕਿ ਸਿੰਘਾਂ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਕੇ ਹੀ ਮੁੜਨਾ ਹੈ। ਪਰ ਬੇਸ਼ੁਮਾਰ ਉਜ਼ਬੁਕ ਤੇ ਅਫ਼ਗਾਨ 'ਬੱਚੇ' ਮੁੜ ਵਤਨਾਂ ਨੂੰ ਨਾ ਮੁੜੇ। ਤੀਜੇ ਪਹਿਰ ਫ਼ੌਜ ਵੀ ਪਿਛਾਂਹ ਮੁੜ ਪਈ। ਅਬਦਾਲੀ ਨੇ ਅਗਲੇ ਦਿਨ ਤੁਅਕਬ (ਪਿਛਾ) ਵੀ ਨਾ ਕੀਤਾ। ਕਾਰਨ? ਸਿੰਘਾਂ ਦੀ ਸੂਰਮਤਾਈ। ਅਕਾਲ ਪੁਰਖ ਤੇ ਭਰੋਸਾ। ਘੋਰ ਮੁਸੀਬਤ ਸਮੇਂ ਵੀ ਨਾ ਘਬਰਾਉਣਾ ਤੇ ਆਪਣੀ ਸੁਰਤ ਨੂੰ ਕਾਇਮ ਰਖਣਾ। ਸ਼ਹਾਦਤ ਨਾਲ ਕੌਮਾਂ ਨਿਖਰਦੀਆਂ ਹਨ। ਇਸ ਭਰੋਸੇ ਨਾਲ ਲੜਨਾ ਕਿ ਸਾਨੂੰ ਕੋਈ ਰਹਿੰਦੀ ਦੁਨੀਆ ਤਕ ਹਰਾ ਨਹੀਂ ਸਕਦੇ। ਭਿਆਨਕ ਮੁਸੀਬਤਾਂ ਤੇ ਮੁਸ਼-ਕਲਾਂ ਨਾਲ ਟਕਰਾਉਣਾ ਖਾਲਸਾ ਜੀ ਦੇ ਮਨ-ਪਰਚਾਵੇ ਹਨ। ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਅਸੀਂ ਸਦੀਵੀ ਤੇ ਅਮਿਟ ਪ੍ਰਕਾਸ਼ ਬਣ ਗਏ ਹਾਂ, ਜਿਸ ਨੇ ਬਦੀ ਤੇ ਜ਼ੁਲਮ ਦੇ ਅੰਨ੍ਹੇਰੇ ਨੂੰ ਖਾ ਜਾਣਾ ਹੈ, ਆਦਿ।

ਕੁਪ ਰਹੀੜੇ ਦੇ ਹੱਲੇ ਵੇਲੇ ਹਰ ਪਾਸਿਓਂ ਸ਼ਾਹ ਦਾ ਪੱਲੜਾ ਭਾਰੀ ਸੀ। ਹਰ ਸਹੂਲਤ ਉਸ ਦੇ ਪਾਸ ਸੀ। ਹਰ ਸਮਾਨ ਉਸ ਪਾਸ ਸੀ, ਜਿਸ ਨਾਲ ਉਹ



www.AKJ.Org

ਵਡੀ ਤੋਂ ਵਡੀ ਤਾਕਤ ਨੂੰ ਨਸ਼ਟ ਕਰ ਸਕਦਾ ਸੀ। ਉਸ ਨੇ ਖ਼ਾਲਸਾ ਜੀ ਨੂੰ ਸਫ਼ਾ-ਏ-ਹਸਤੀ ਤੋਂ ਮਿਟਾ ਦੇਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਖਾਲਸਾ ਜੀ ਜੇ ਸਥਿਰ ਰਿਹਾ ਹੈ ਤਾਂ ਅਕਾਲ ਪੁਰਖ ਤੇ ਅਥਾਹ ਭਰੋਸੇ ਅਤੇ ਖੰਡੇ ਬਾਟੇ ਦੇ ਅੰਮ੍ਰਿਤ ਵਜੋਂ ਪੈਦਾ ਹੋਈ ਸ਼ਕਤੀ ਤੇ ਬਲ ਦੇ 'ਸਦਕਾ ਹੀ ਰਿਹਾ ਹੈ।

ਸ੍ਰੀ ਅੰਮ੍ਰਿਤਸਰ ਦੇ ਇਸ ਯੁਧ ਵਿਚ ਅਬਦਾਲੀ ਸਿੰਘਾਂ ਵਾਂਗ ਇਸ ਘਸਵਟੀ ਤੇ ਪੂਰਾ ਨਹੀਂ ਉਤਰਿਆ। ਉਹ ਜਾਨ ਬਚਾਉਣ ਲਈ ਪਿਛੇ ਹਟਿਆ ਅਤੇ ਇਕ-ਦਮ ਲਾਹੌਰ ਵਲ ਨੂੰ ਵਾਗਾਂ ਮੋੜ ਕੇ, ਪੈ ਚੁਕੀ ਰਾਤ ਦਾ ਆਸਰਾ ਲੈ ਕੇ ਨੱਸ ਤੁਰਿਆ, ਸ਼ਾਇਦ ਅੰਨ੍ਹੇਰਾ ਹੀ ਉਸ ਦਾ ਬਚਾਂ ਕਰ ਸਕੇ। ਪਿਆਰੇ ਪਾਠਕ ਜੀ, ਜ਼ਰਾ ਧਿਆਨ ਨਾਲ ਵੇਖਣਾ ਕਿ ਉਜ਼ਬੁਕਤਾਨ ਦੇ ਸੂਰਮੇ, ਜੇਤੂ, ਖ਼ੂਨ-ਖ਼ਾਰ ਤੇ ਆਪਣੇ ਆਪ ਨੂੰ ਅਜਿੱਤ ਸਮਝਣ ਵਾਲੇ ਦੁਰਾਨੀ ਜ਼ੋਰ ਪਏ ਵੇਲੇ ਬੰਨ੍ਹਾਂ ਵਿਚ ਨਾ ਮਿਉਣ ਵਾਲੇ ਗੀਦੀਆਂ ਵਾਂਗ ਅਗੇ ਲਗ ਕੇ ਸਿੰਘਾਂ ਦੀਆਂ ਤੇਗਾਂ ਤੇ ਨੇਜ਼ਿਆਂ ਤੋਂ ਡਰਦੇ, ਹੂਰਾਂ ਵਰੁਨ ਵਾਲੇ ਗਾਜ਼ੀ ਤੇ ਅਲੀ ਦੇ ਨਾਮ-ਲੇਵਾ, ਉਸ ਦੇ ਨਾਮ ਨੂੰ ਵੱਟਾ ਲਾਉਂਦੇ ਹੋਏ ਘੋੜਿਆਂ ਨੂੰ ਅੱਡੀਆਂ ਤੇ ਅੱਡੀਆਂ ਲਾ ਲਾ ਕੇ ਇਉਂ ਨਸ ਰਹੇ ਹਨ, ਮਾਨੋ ਜ਼ਿਦਦੇ ਹੋਣ ਕਿ ਲਾਹੌਰ ਪਹਿਲਾਂ ਕੌਣ ਅਪੜਦਾ ਹੈ। ਅਹਿਮਦ ਸ਼ਾਹ ਨੇ ਰਾਤ ਦੇ ਅੰਨ੍ਹੇਰੇ ਦਾ ਆਸਰਾ ਲਿਆ ਤੇ ਜਿੰਨੀ ਕੁ ਫ਼ੌਜ ਬਚੀ, ਨਾਲ ਲੈ ਕੇ ਲਾਹੌਰ ਵਲ ਨੂੰ ਨੱਸ ਜਾਣਾ ਹੀ ਗ਼ਨੀਮਤ ਸਮਝਿਆ।*

---

* ਜੇਮਜ਼ ਬ੍ਰਾਊਨ—ਹਿਸਟ੍ਰੀ ਆਫ਼ ਦੀ ਰਾਈਜ਼ ਐਂਡ ਪ੍ਰਾਗ੍ਰੇਸ ਆਫ਼ ਦੀ ਸਿਖਸ, ਸਫ਼ਾ 25-26;
ਫ਼ਾਰੱਸਟਰ—ਜਰਨੀ ਫ਼੍ਰਾਮ ਬੰਗਾਲ ਟੂ ਇੰਗਲੈਂਡ, ਸਫ਼ਾ 279-80;
ਮੈਲਕਮ, ਸਕੈਚ ਆਫ਼ ਦੀ ਸਿਖਸ, ਪੰਨਾ 1001-01;

ਰਾਜਾ ਦੁਲਭ ਰਾਉ ਦੀ ਚਿੱਠੀ ਜੋ ਉਸ ਨੇ 23 ਅਪ੍ਰੈਲ 1764 ਨੂੰ ਲਿਖੀ। ਉਸ ਵਿਚ ਵੀ ਇਸ ਗੱਲ ਦਾ ਜ਼ਿਕਰ ਬੜੇ ਸਪੱਸ਼ਟ ਤੌਰ ਤੇ ਕੀਤਾ ਹੈ :— "ਜੰਗ ਕਾਫ਼ੀ ਸਮੇਂ ਤਕ ਹੁੰਦੀ ਰਹੀ। ਦੋਹਾਂ ਧਿਰਾਂ ਦਾ ਇਤਨਾ ਨੁਕਸਾਨ ਹੋਇਆ ਕਿ ਦੋਵੇਂ ਧਿਰਾਂ ਹੀ ਆਪਣੇ ਆਪਣੇ ਕੈਂਪਾਂ ਵਿਚ ਜਾ ਟਿਕੀਆਂ। ਕੋਈ ਵੀ ਫੇਰ ਲੜਨਾ ਨਹੀਂ ਸੀ ਚਾਹੁੰਦੀ। ਅਬਦਾਲੀ ਤਾਂ ਵਾਪਸ ਜਾਣ ਲਈ ਕਾਹਲਾ ਸੀ।"

ਸ: ਕਰਮ ਸਿੰਘ ਜੀ ਹਿਸਟੋਰੀਅਨ—"ਇਤਿਹਾਸਕ ਖੋਜ", ਸਫ਼ਾ 82-83,

ਡਾ: ਗੰਡਾ ਸਿੰਘ ਜੀ —ਅਹਿਮਦ ਸ਼ਾਹ ਦੁਰਾਨੀ, ਸਫ਼ਾ 286-287; ਸ: ਜੱਸਾ ਸਿੰਘ ਜੀ ਆਂਹਲੂਵਾਲੀਆ, ਸਫ਼ਾ 130-131; ਡਾ: ਹਰੀ ਰਾਮ ਗੁਪਤਾ—ਹਿਸਟ੍ਰੀ ਆਫ ਦੀ ਸਿਖਸ, II, ਸਫ਼ਾ 192; ਪ੍ਰਿੰ: ਸਤਬੀਰ ਸਿੰਘ ਜੀ—ਸਾਡਾ ਇਤਿਹਾਸ I, ਸਫ਼ਾ 173 ·

ਕਈ ਇਤਿਹਾਸਕਾਰ ਅੰਮ੍ਰਿਤਸਰ ਵਾਲੀ ਇਸ ਲੜਾਈ ਦੀ ਘਟਨਾ ਨੂੰ ਸਬੂਤ ਦੀ ਅਣਹੋਂਦ ਕਾਰਨ ਮੰਨਣੋਂ ਹਿਚਕਚਾਉਂਦੇ ਹਨ। ਮਿਸਾਲ ਵਜੋਂ ਮੈਲਕਮ 1001-101 ਅਤੇ ਸਰਕਾਰ ii ਸਫ਼ਾ 491 —ਫੁਟਨੋਟ ਪਰ ਸਿਖ ਇਤਿਹਾਸ ਨੂੰ ਗਹੁ ਨਾਲ ਪੜ੍ਹਨ ਨਾਲ ਘਲੂਘਾਰੇ ਤੋਂ ਪਹਿਲਾਂ ਤੇ ਪਿਛੋਂ ਇਹੋ ਜਿਹੀਆਂ ਬੇਅੰਤ ਮਿਸਾਲਾਂ ਮਿਲਦੀਆਂ ਹਨ ਜੋ ਸਪੱਸ਼ਟ ਕਰਦੀਆਂ ਹਨ ਕਿ ਸਿੰਘਾਂ ਹਥੋਂ ਇਸ ਕਿਸਮ ਦੇ ਕਾਰਨਾਮੇ ਕੋਈ ਅਨਹੋਣੀ ਗੱਲ ਨਹੀਂ, ਸਗੋਂ ਪੂਰੀ ਤਰ੍ਹਾਂ ਸੰਭਵ ਹਨ। ਮੈਲਕਮ ਤੇ ਯਾਦੂ ਨਾਥ ਸਰਕਾਰ ਦੇ ਹੀਰੋ ਅਬਦਾਲੀ ਦੀ ਪੋਜ਼ੀਸ਼ਨ ਫ਼ੌਜ ਹੱਥੋਂ ਉਸ ਵੇਲੇ ਕਮਜ਼ੋਰ ਵੀ ਹੋ ਸਕਦੀ ਹੈ। ਘਲੂਘਾਰੇ ਵਲੋਂ ਉਸ ਦੀ ਕਾਫ਼ੀ ਫ਼ੌਜ ਮਾਰੀ ਗਈ ਸੀ। ਬਹੁਤ ਸਾਰੀ ਫ਼ੌਜ ਕਸ਼ਮੀਰ ਦੀ ਮੁਹਿੰਮ ਤੇ ਨੂਰੁਉੱਦੀਨ ਬਾਮਜ਼ਈ ਨਾਲ ਗਈ ਹੋਈ ਸੀ। ਸੰਸਾਰ ਦੇ ਇਤਿਹਾਸ ਵਿਚ ਅਨੇਕਾਂ ਇਸ ਕਿਸਮ ਦੇ ਹੈਰਾਨ ਕਰ ਦੇਣ ਵਾਲੇ ਕਾਰਨਾਮੇ ਮਿਲਦੇ ਹਨ, ਜਿਨ੍ਹਾਂ ਨੂੰ ਅਕਲ ਮੰਨਦੀ ਨਹੀਂ, ਪਰ ਉਹਨਾਂ ਨੂੰ ਕੋਈ ਚੈਲੰਜ ਨਹੀਂ ਕਰ ਸਕਦਾ। ਸਪਾਰਟਾ ਦੇ 300 ਸੂਰਮਿਆਂ ਨੇ ਈਰਾਨੀ ਬਾਦਸ਼ਾਹ ਦੀਆਂ ਹਜ਼ਾਰਹਾਂ ਫ਼ੌਜਾਂ ਨੂੰ ਥਰਮੋਪਲੀ ਦੇ ਮੁਕਾਮ ਤੇ ਠੱਲ੍ਹ ਪਾ ਛਡਿਆ ਸੀ। ਇਹੋ ਜਿਹੀਆਂ ਕਈ ਮਿਸਾਲਾਂ ਹਨ ਜਿਥੇ ਮਨੁਖੀ ਦ੍ਰਿੜ੍ਹਤਾ, ਹੌਸਲੇ ਤੇ ਮਨੋਰਥ ਦੀ ਸੱਚਾਈ ਦੇ ਜੋਸ਼ ਨੇ ਇਨਸਾਨੀ ਹੱਥਾਂ ਤੋਂ ਚਕ੍ਰਿਤ ਤੇ ਹੈਰਾਨ ਕਰ ਦੇਣ ਵਾਲੇ ਕਾਰਨਾਮੇ ਕਰਵਾ ਛੱਡੇ ਹਨ।

[ਦੇਖੋ ਫੁਟ ਨੋਟ ਦੀ ਬਾਕੀ ਸਫ਼ਾ ੩੪ ਦੇ ਹੇਠ



www.AKJ.Org

ਉਹ ਸਮਝਦਾ ਸੀ ਕਿ ਸਿੰਘ ਵੀ ਸਾਰੇ ਦਿਨ ਦੀ ਲੜਾਈ ਕਾਰਨ ਥਕੇ ਹੋਣਗੇ ਤੇ ਨਾਲੇ ਮੇਰੇ ਪਿਛਾਂਹ ਹਟ ਜਾਣ ਨੂੰ ਹੀ ਧੰਨ ਭਾਗ ਸਮਝਣਗੇ, ਅਤੇ ਇੰਜ ਉਹ ਮਲਕੜੇ ਜਿਹੇ ਬੜੀ ਅਸਾਨੀ ਨਾਲ ਲਾਹੌਰ ਪੁਜ ਜਾਵੇਗਾ। ਇੰਜ ਕਰਨਾ ਦੁਨੀਆ ਨੂੰ ਮੇਰੀ ਕਮਜ਼ੋਰੀ ਜਾਂ ਹਾਰ ਨਾ ਭਾਸੂ। ਸਾਇਦ ਸਿੰਘ ਵੀ ਅਗਲੇਰੇ ਦਿਨ ਅੰਮ੍ਰਿਤਸਰ ਖਾਲੀ ਕਰ ਜਾਣਗੇ। ਇਸ ਪਾਸਿਓਂ ਵੀ ਰਹਿ ਆਊ।

ਅਬਦਾਲੀ ਲਈ-ਦੇਈਦਾ ਬੜੀ ਖੁਸ਼-ਫਹਿਮੀ ਵਿਚ ਲਾਹੌਰ ਵਲ ਨੂੰ ਨੱਸਿਆ ਤਾਂ ਸਹੀ, ਪਰ ਸਿੰਘ ਇਹੋ ਜਿਹੇ ਸ਼ਿਕਾਰ ਨੂੰ ਇੰਜ ਸੁੱਕਾ ਕਿਵੇਂ ਛੱਡ ਸਕਦੇ ਸਨ। ਸਿੰਘ ਵੀ ਮਗਰੇ ਉਸ ਦੇ ਲਾਹੌਰ ਤੀਕ ਠੇਡੀਂ ਚੜ੍ਹੇ ਗਏ। ਇਹ ਫ਼ਰਕ ਜ਼ਰਾ ਗਹੁ ਨਾਲ ਵੇਖਣ ਵਾਲਾ ਹੈ। ਘਲੂਘਾਰੇ ਵਾਲੇ ਦਿਨ ਅਹਿਮਦ ਸ਼ਾਹ ਗਹਿਲ ਪਿੰਡ ਤੋਂ ਪਿਛੋਂ ਏਨੀ ਫ਼ੌਜ ਦੇ ਹੁੰਦਿਆਂ ਸੁੰਦਿਆਂ, ਆਪਣਾ ਪਾਸਾ ਵੀ ਭਾਰੀ ਹੁੰਦਿਆਂ ਹੋਇਆਂ ਲੜਾਈ ਵਿਚੇ ਛੱਡ ਕੇ ਮਾਲੇਰ ਕੋਟਲੇ ਜਾ ਵੜਿਆ ਸੀ ਤੇ ਜਹਾਨ ਖਾਂ ਕੁਤਬੇ ਬਾਹਮਣੀਆਂ ਤੋਂ ਬਾਅਦ ਅੱਗੇ ਨਹੀਂ ਗਿਆ। ਪਰ ਸਿੰਘ ਅੱਜ ਅਨ੍ਹੇਰਾ ਹੋ ਜਾਣ ਤੇ ਵੀ ਸ਼ਿਕਾਰ ਨੂੰ ਛੱਡ ਨਹੀਂ ਰਹੇ। ਲਾਹੌਰ ਤਕ ਵੈਰੀਆਂ ਦੇ ਮੌਢੀਂ ਚੜ੍ਹੇ ਗਏ। ਲਾਹੌਰ ਅੱਪੜ ਕੇ ਵੀ ਅਹਿਮਦ ਸ਼ਾਹ ਨੇ ਬਚਾਅ ਦੀ ਸੂਰਤ ਨਾ ਵੇਖੀ। ਝਟ ਪਟ ਕੀਮਤੀ ਸਾਮਾਨ ਤੇ ਜ਼ਰੂਰੀ ਮਾਲ ਅਸਬਾਬ ਕਾਬਲ ਨੂੰ ਰਵਾਨਾ ਕੀਤਾ।

---

(ਸਫਾ ੩੩ ਦੇ ਫੁਟ ਨੋਟ ਦੀ ਬਾਕੀ)

ਜੇਮਜ਼ ਬ੍ਰਾਊਨ ਇਸ ਦੀਵਾਲੀ ਵਾਲੇ ਵਾਕੇ ਦੀ ਤਾਰੀਖ਼ 17 ਅਕਤੂਬਰ 1762 ਤੋਂ ਪਿਛੋਂ ਦੀ ਦੰਦਾ ਹੈ, ਪਰ ਫਾਰੱਸਟਰ ਸਾਹਿਬ, ਜੋ ਇਸ ਘਟਨਾ ਤੋਂ ਛੇਤੀ ਹੀ ਪਿਛੋਂ (20 ਕੁ ਸਾਲ ਬਾਅਦ) ਪੰਜਾਬ ਵਿਚ ਦੀ ਲੰਘਿਆ ਸੀ ਤੇ ਜਿਸ ਦੀ ਸਿਖਾਂ ਬਾਰੇ ਜਾਣਕਾਰੀ ਬ੍ਰਾਊਨ ਨਾਲੋਂ ਜ਼ਿਆਦਾ ਵਿਸਥਾਰ ਪੂਰਵਕ ਤੇ ਖੋਜ ਭਰੀ ਅਤੇ ਪੜਚੋਲਵੀਂ ਹੈ, ਦੀ ਲਿਖਤ ਅਨੁਸਾਰ ਦਿਤੀ ਹੋਈ ਤਾਰੀਖ਼ ਜ਼ਿਆਦਾ ਭਰੋਸੇ ਯੋਗ ਹੈ ਤੇ ਮੰਨਣ ਯੋਗ ਹੈ।

ਪੂਰਨ ਸੂਰਜ ਗ੍ਰਹਿਣ 18 ਘੜੀ ਸੂਰਜ ਚੜ੍ਹੇ ਕਤਕ ਦੀ ਅਮਾਵਸ 1819 ਬਿਕ੍ਰਮੀ (ਅਕਤੂਬਰ 17--1762) ਨੂੰ ਹੀ ਬਣਦਾ ਹੈ। ਇਸ ਗ੍ਰਹਿਣ ਸਦਕਾ ਦਿਨ ਵੇਲੇ ਏਨਾ ਅਨ੍ਹੇਰਾ ਹੋ ਗਿਆ ਸੀ ਕਿ ਅਕਾਸ਼ ਵਿਚ ਤਾਰੇ ਦਿਸਣ ਲੱਗ ਪਏ ਸਨ। ਉਮਦਾ-ਤੁ-ਤਵਾਰੀਖ਼ (i) ਸਫ਼ਾ 160। ਦਿਲੀ ਕ੍ਰਾਨੀਕਲ।

ਏਨੇ ਸਬੂਤਾਂ ਦੇ ਹੁੰਦਿਆਂ ਹੋਇਆਂ ਵੀ ਇਸ ਸਚਾਈ ਨੂੰ ਨਾ ਮੰਨਣਾ ਇਤਿਹਾਸਕਾਰਾਂ ਦਾ ਨਿਰੋਲ ਪੱਖਪਾਤ ਹੈ। ਉਹ ਵਿਅਕਤੀਗਤ-ਪੂਜ ਹਨ। ਅਬਦਾਲੀ ਦੀ ਹਾਰ ਮੰਨਣ ਨਾਲ ਉਹਨਾਂ ਦਾ ਈਮਾਨ ਡੋਲਦਾ ਹੈ। ਇਹੋ ਹੀ ਕਾਰਨ ਦਿਸਦਾ ਹੈ ਜੋ ਉਹ ਸੱਚਾਈ ਤੱਕ ਕੇ ਵੀ ਅੱਖਾਂ ਮੀਟਦੇ ਹਨ। ਪਰ ਚੜ੍ਹੇ ਦਿਨ ਨੂੰ ਰਾਤ ਕੌਣ ਕਹਿ ਲਊ ਜਾਂ ਬਣਾ ਦਊ।

—ਸਵਰਨ ਸਿੰਘ

ਜੋ ਸੂਝਵਾਨ ਤੇ ਪਾਰਖੂ ਹਨ ਉਹ ਸਿਖ ਇਤਿਹਾਸ ਵਿਚੋਂ ਉਸ ਵੇਲੇ ਦੇ ਸਿੰਘਾਂ ਦੀ ਅਥਾਹ ਸ਼ਕਤੀ ਨੂੰ ਉਹਨਾਂ ਦੇ ਕਿਰਦਾਰ ਵਿਚੋਂ ਚੰਗੀ ਤਰ੍ਹਾਂ ਤੱਕ ਸਕਦੇ ਹਨ। ਸਿੰਘ ਮੈਦਾਨ ਵਿਚ ਕਿਸ ਤਾਕਤ ਦਾ ਮਾਲਕ ਹੈ ਤੇ ਕੀ ਕੁਝ ਕਰ ਗੁਜ਼ਰਨ ਦੀ ਅਹਿਲੀਅਤ ਰਖਦਾ ਅਤੇ ਨਾਲ ਨਾਲ ਉਦਾਰ-ਚਿਤ ਵੀ ਕਿੰਨਾ ਹੈ।

ਫਾਰੱਸਟਰ ਸਾਹਿਬ ਘਲੂਘਾਰੇ ਤੋਂ ਬਾਅਦ ਅਹਿਮਦ ਸ਼ਾਹ ਅਤੇ ਉਸ ਦੀਆਂ ਦੁਰਾਨੀ ਫ਼ੌਜਾਂ ਨਾਲ ਹੋਈਆਂ ਸਿੰਘਾਂ ਦੀਆਂ ਟੱਕਰਾਂ ਦਾ ਵਰਨਣ ਕਰਦਾ ਹੋਇਆ ਲਿਖਦਾ ਹੈ:—

"ਸਿਖਾਂ ਨੂੰ ਭਾਵੇਂ ਬੜਾ ਸਖ਼ਤ ਗੁਸਾ ਸੀ, ਪਰ ਉਨ੍ਹਾਂ ਨੇ ਆਪਣੇ ਗੁੱਸੇ ਤੇ ਜਜ਼ਬੇ ਨੂੰ ਆਪਣੇ ਕਾਬੂ ਵਿਚ ਰਖਿਆ ਅਤੇ ਭਾਵੇਂ ਅਫਗਾਨਾਂ ਵਲੋਂ ਹੋਏ ਘਲੂਘਾਰੇ ਅਤੇ ਦਿਤੇ ਗਏ ਦੁਖਾਂ ਤੇ ਕਸ਼ਟਾਂ ਦਾ ਉਨ੍ਹਾਂ ਦੇ ਮਨਾਂ ਉਪਰ ਜ਼ਰੂਰ ਬੜਾ ਡੂੰਘਾ ਅਸਰ ਹੋਣਾ ਹੈ, ਪਰ ਕਿਹਾ ਜਾਂਦਾ ਹੈ ਕਿ ਇਨ੍ਹਾਂ (ਸਿੰਘਾਂ) ਨੇ ਇਕ ਵੀ (ਅਫਗਾਨ) ਕੈਦੀ ਨੂੰ ਬੇਦਰਦੀ ਨਾਲ ਕਤਲ ਨਹੀਂ ਕੀਤਾ। —ਏ ਜਰਨੀ ਫਰਾਮ ਬੰਗਾਲ ਟੂ ਇੰਗਲੈਂਡ, 1, ਪੰਨਾ 279

ਇਹ ਸਿੰਘਾਂ ਦੇ ਉਚੇ ਕਿਰਦਾਰ ਦੀ ਮੂੰਹ-ਬੋਲਦੀ ਤਸਵੀਰ ਹੈ। ਇਹੋ ਜਿਹੇ ਉੱਚ ਕੋਟੀ ਦੇ ਕਿਰਦਾਰ ਦੇ ਮਾਲਕ ਸਭ ਕੁਝ ਕਰ ਗੁਜ਼ਰਨ ਦੀ ਸਮਰੱਥਾ ਰਖਦੇ ਹਨ। ਲੋੜ ਹੈ ਤਾਂ ਸਿਰਫ ਪੱਖਪਾਤ ਦੀ ਪੱਟੀ ਅੱਖਾਂ ਤੋਂ ਖੋਲ੍ਹ ਕੇ ਇਸ ਕਿਰਦਾਰ ਤੇ ਸ਼ਕਤੀ ਨੂੰ ਤੱਕਣ ਦੀ ਹੈ।

--ਸਵਰਨ ਸਿੰਘ



www.AKJ.Org

ਸਿੰਘਾਂ ਲਾਹੌਰ ਦਾ ਘੇਰਾ ਘੱਤ ਕੇ ਚੁਫੇਰੇ ਦਾ ਇਲਾਕਾ ਫਨਾਹ-ਫਿਲਾ ਕਰ ਸੁਟਿਆ। ਇਕ ਮਹੀਨਾ ੨੪ ਦਿਨ ਲਾਹੌਰ ਦੇ ਉਦਾਲੇ ਸਿੰਘਾਂ ਦਾ ਦੁੰਦ ਮਚਦਾ ਰਿਹਾ। ੧੨ ਦਸੰਬਰ ਨੂੰ ਸ਼ਾਹ ਲਾਹੌਰ ਛਡ ਕੇ ਨਿਕਲ ਗਿਆ। ਸਿੰਘ ਵੀ ਦਰਵਾਜ਼ੇ ਭੰਨ ਤੋੜ ਕੇ ਅੰਦਰ ਆ ਵੜੇ। ਤਦ ਤਕ ਵੈਰੀ ਬਹੁਤ ਦੂਰ ਜਾ ਚੁਕਿਆ ਸੀ।

ਵਡਿਆਈ ਵਡੇ ਵਡੇ ਕਾਰਨਾਮਿਆਂ ਸਦਕਾ ਤੇ ਚੰਗਿਆਂ ਗੁਣਾਂ ਕਰ ਕੇ ਹੁੰਦੀ ਹੈ। ਅਹਿਮਦ ਸ਼ਾਹ ਨੂੰ ਬੜਾ ਉੱਚ ਕੋਟੀ ਦਾ ਜਰਨੈਲ ਮੰਨਿਆ ਜਾਂਦਾ ਹੈ। ਇਤਿਹਾਸਕਾਰ ਉਸ ਨੂੰ ਬਹਾਦਰੀ ਤੇ ਵਡਿਆਈ ਦਾ ਹਰ ਖ਼ਿਤਾਬ ਦੇਂਦੇ ਹਨ, ਪਰ ਅੰਮ੍ਰਿਤਸਰ ਦੀ ਇਸ ਲੜਾਈ ਵਿਚ ਜਿਸ ਕਾਇਰਤਾ ਦਾ ਉਸ ਨੇ ਸਬੂਤ ਦਿਤਾ ਹੈ, ਉਸ ਦੇ ਮੁਕਾਬਲੇ ਵਿਚ ਇਹਨਾਂ ਉਪ-ਨਾਮਾਂ ਦੀ ਕੀਮਤ ਕੌਡੀ ਵੀ ਨਹੀਂ ਰਹਿ ਜਾਂਦੀ। ਸ਼ਾਮ ਵੇਲੇ ਇਸ ਦਾ ਪਿਛਾਂਹ ਨੂੰ ਨਸਣ ਦਾ ਕਾਰਨਾਮਾ ਵੇਖੋ। ਇਸ ਨਾਲ ਕੋਈ ਵਹੀਰ ਨਹੀਂ, ਕੋਈ ਜ਼ਖ਼ਮੀ, ਬੀਮਾਰ, ਤੀਵੀਆਂ, ਬੱਚੇ, ਬੁੱਢੇ ਜਾਂ ਨਾ ਲੜ ਸਕਣ ਵਾਲੇ ਸਾਥੀ ਨਹੀਂ। ਉਸ ਨੂੰ ਕਿਸੇ ਦੇ ਬਚਾਂ ਕਰਨ ਦਾ ਵੀ ਫ਼ਿਕਰ ਨਹੀਂ। ਉਸ ਦੇ ਨਾਲ ਸਭ ਘੋੜ-ਚੜ੍ਹੇ ਤੇ ਚੋਣਵੇਂ ਤਜਰਬਾ-ਕਾਰ ਲੜਾਕੇ ਹਨ, ਮਿਥ ਕੇ ਲੜਨ ਆਏ ਹਨ, ਉਹਨਾਂ ਤੇ ਕੋਈ ਅਚਨਚੇਤ ਹੱਲਾ ਨਹੀਂ ਹੋਇਆ। ਬਾਦਸ਼ਾਹਤ ਉਹਨਾਂ ਦੀ ਹੈ, ਚੁਫੇਰਿਉਂ ਲੋੜ ਪੈਣ ਤੇ ਅਣਗਿਣਤ ਫੌਜਾਂ ਇਕੱਠੀਆਂ ਕੀਤੀਆਂ ਜਾ ਸਕਦੀਆਂ ਹਨ, ਹਰ ਸਹੂਲਤ ਤੇ ਆਰਾਮ ਪਾਸ ਹੈ, ਪਰ ਨਸਦੇ ਕਿਵੇਂ ਹਨ? ਬੱਸ ਕਾਇਰਤਾ ਵਿਚ ਨਾਮ ਪੈਦਾ ਕਰ ਗਿਆ ਹੈ ਅਹਿਮਦ ਸ਼ਾਹ! ਪਰ ਪੱਖਪਾਤੀ ਇਤਿਹਾਸਕਾਰ ਆਪਣਾ ਈਮਾਨ ਛੱਡ ਕੇ ਅਹਿਮਦ ਸ਼ਾਹ ਦੇ ਕਿਰਦਾਰ ਨੂੰ ਇਸ ਕਾਇਰਤਾ ਦੇ ਦਾਗ਼ ਤੋਂ ਸਾਫ਼ ਰਖਣ ਦੇ ਯਤਨ ਕਰ ਰਿਹਾ ਹੈ। ਤੇ ਬਾਕੀ ਵਾਹ ਵਾਹ ਨਾਲ ਤਾਲ ਦੇ ਰਹੇ ਹਨ। ਕਲਗੀਧਰ ਦਿਆ ਬੀਰ ਬਹਾਦਰ ਦੂਲਿਆ ਸਿੰਘਾ! ਕਾਸ਼! ਕੋਈ ਤੇਰਾ ਵੀ ਸਹੀ ਸਹੀ ਇਤਿਹਾਸ ਲਿਖਣ ਵਾਲਾ ਉਸ ਸਮੇਂ ਹੁੰਦਾ!

ਅੰਮ੍ਰਿਤਸਰ ਵਿਚ ਅਬਦਾਲੀ ਦੀ ਹੋਈ ਹਾਰ ਬਾਰੇ ਫ਼ਾਰੱਸਟਰ ਸਾਹਿਬ ਨੇ ਆਪਣੇ ਸਫ਼ਰਨਾਮੇ ਵਿਚ ਬੜਾ ਸੋਹਣਾ ਜ਼ਿਕਰ ਕੀਤਾ ਹੈ। ਉਹ ਲਿਖਦੇ ਹਨ:

"ਸਿੰਘਾਂ ਦੀ ਜ਼ਬਾਨੀ ਲਾਹੌਰ ਲੈਣ ਤੋਂ ਪਹਿਲਾਂ ਅਫ਼ਗਾਨਾਂ ਨਾਲ ਇਕ ਲੜਾਈ ਦਾ ਵੀ ਪਤਾ ਲਗਦਾ ਹੈ। ਅਹਿਮਦਸ਼ਾਹ ਨੇ ਹਿੰਦੁਸਤਾਨ ਵਿਚ ਜੋ ਲਗਾਤਾਰ ਉਤੋੜਿਤੀ ਜਿੱਤਾਂ ਪ੍ਰਾਪਤ ਕੀਤੀਆਂ ਹਨ, ਉਨ੍ਹਾਂ ਦਾ ਖ਼ਿਆਲ ਕਰ ਕੇ ਤੇ ਕਿਸੇ ਹੋਰ ਇਤਿਹਾਸਕ ਸਬੂਤ ਦੇ ਨਾ ਮਿਲਣ ਦੇ ਕਾਰਨ, ਮੈਂ ਸਿਖਾਂ ਦੀ ਇਸ ਕਹਾਣੀ ਦੇ ਕੁਝ ਹਿਸੇ ਨੂੰ ਸ਼ੱਕ ਦੀ ਨਿਗਾਹ ਨਾਲ ਵੇਖਿਆ ਹੈ। ਕਿਹਾ ਜਾਂਦਾ ਹੈ ਕਿ ਇਹ ਘਟਨਾ ਅਕਤੂਬਰ ੧੭੬੨ ਨੂੰ ਵਾਪਰੀ ਸੀ, ਜਦ ਕਿ ਸਿਖ ਕੌਮ ਦੀ ਸਮੂਹ ਸ਼ਕਤੀ ੬੦ ਹਜ਼ਾਰ ਘੋੜ-ਸਵਾਰ ਦੀ ਸ਼ਕਲ ਵਿਚ ਅੰਮ੍ਰਿਤਸਰ ਦੇ ਖੋਲਿਆਂ ਉਤੇ ਆਣ ਇਕੱਠੀ ਹੋਈ ਸੀ ਕਿ ਕੋਈ ਤਿਉਹਾਰ ਮਨਾਇਆ ਜਾਵੇ ਅਤੇ ਵੈਰੀ ਵਲੋਂ ਹਮਲੇ ਦੀ ਉਮੀਦ ਰਖਦਿਆਂ ਹੋਇਆਂ ਇਹ ਫ਼ੈਸਲਾ ਕੀਤਾ ਸੀ ਕਿ ਲੜਾਈ ਦੇ ਸਮੇਂ ਆਪਣੇ ਕੌਮੀ ਜੀਵਨ ਅਤੇ ਆਣ ਦੀ ਖ਼ਾਤਰ ਜਾਨਾਂ ਤੀਕ ਕੁਰਬਾਨ ਕਰ ਦਿਤੀਆਂ ਜਾਣ। ਅਹਿਮਦ ਸ਼ਾਹ ਉਸ ਵੇਲੇ ਲਾਹੌਰ ਡੇਰੇ ਲਾਈ ਬੈਠਾ ਸੀ। ਉਹ ਬੇ-ਓੜਕੀ ਜ਼ ਫੌਜੈ ਕੇ ਅੰਮ੍ਰਿਤਸਰ ਵਲ ਧਾ ਕੇ ਆਇਆ ਅਤੇ ਝਟ ਪਟ ਲੜਾਈ ਸ਼ੁਰੂ ਕਰ ਦਿਤੀ। ਸਿਖਾਂ ਦੀਆਂ ਅੱਖਾਂ ਦੇ ਸਾਮ੍ਹਣੇ ਉਨ੍ਹਾਂ ਦਾ ਪਵਿੱਤਰ ਤੀਰਥ ਸੀ, ਗੁਰੂ ਸਾਹਿਬਾਨ ਦੇ ਪਵਿਤਰ ਅਸਥਾਨ ਅਤੇ ਯਾਦਗਾਰਾਂ ਸਨ, ਜਿਨ੍ਹਾਂ ਨੂੰ ਢਾਹ ਢਾਹ ਕੇ ਦੁਸ਼ਮਣ ਨੇ ਖੋਲਾ ਕਰ ਛਡਿਆ ਸੀ, ਅਤੇ ਹੁਣ ਉਹੋ ਦੁਸ਼ਮਣ ਉਨ੍ਹਾਂ ਸਾਮ੍ਹਣੇ ਉਨ੍ਹਾਂ ਨਾਲ ਲੜ ਰਿਹਾ ਸੀ। ਉਹ ਮਰਨ ਮਾਰਨ ਤੇ ਤੁਲ ਕੇ ਬੜਾ ਭਿਆਨਕ ਬਦਲਾ ਲੈਣ ਲਈ ਤੁਲੇ ਹੋਏ ਸਨ। ਸੋ ਉਹ ਬੜੀ ਤੁੰਦ ਬਹਾਦਰੀ ਦੇ ਜ਼ਬਰਦਸਤ ਜੋਸ਼ ਨਾਲ ਜੂਝ ਜੂਝ ਕੇ ਲੜੇ। ਇਹ ਭਿਆਨਕ ਖ਼ੂਨੀ ਲੜਾਈ ਸਵੇਰ ਤੋਂ ਰਾਤ ਤੀਕ ਹੁੰਦੀ ਰਹੀ। ਅੰਤ ਨੂੰ ਅਹਿਮਦ ਸ਼ਾਹ ਨੇ ਬੇਬਸ ਤੇ ਮਜਬੂਰ ਹੋ



www.AKJ.Org

ਕੇ ਆਪਣੀ ਫੌਜ ਨੂੰ ਪਿਛਾਂਹ ਹਟਾ ਲਿਆ ਅਤੇ ਲਾਹੌਰ ਵਲ ਨੂੰ ਬੜੀ ਤੇਜ਼ੀ ਨਾਲ ਨੱਸ ਗਿਆ। ਕਹਿੰਦੇ ਹਨ ਕਿ ਸਿਖਾਂ ਨੇ ਉਸ ਸ਼ਹਿਰ (ਲਾਹੌਰ) ਤੀਕ ਉਸ ਦਾ ਪਿਛਾ ਕੀਤਾ। ਜਿਸ ਉਤੇ ਥੋੜੇ ਚਿਰ ਦੇ ਮੁਹਾਸਰੇ (ਘੇਰੇ) ਮਗਰੋਂ ਇਹਨਾਂ ਆਪਣਾ ਕਬਜ਼ਾ ਕਰ ਲਿਆ ਅਤੇ ਅਹਿਮਦ ਸ਼ਾਹ ਇਹਨਾਂ ਦੇ ਸ਼ਹਿਰ ਵਿਚ ਵੜਨ ਤੋਂ ਪਹਿਲਾ ਹੀ ਬੱਚ ਕੇ ਬਾਹਰ ਨਿਕਲ ਗਿਆ ਸੀ ਅਤੇ ਅਟਕੋਂ (ਸਿੰਧ ਦਰਿਆ) ਪਾਰ ਹੋ ਗਿਆ ਸੀ। ਇਸ ਘਟਨਾ ਨੂੰ ਏਸੇ ਸੂਰਤ ਵਿਚ ਮੁਮਕਿਨ ਮੰਨਿਆ ਜਾ ਸਕਦੈ ਕਿ ਜੇ ਇਹ ਮੰਨ ਲਿਆ ਜਾਵੇ ਕਿ ਅਹਿਮਦ ਸ਼ਾਹ ਪਾਸ ਕਿਸੇ ਕਾਰਨ ਬਹੁਤ ਹੀ ਥੋੜੀ ਫੌਜ ਰਹਿ ਗਈ ਹੋਵੇਗੀ, ਜਿਸ ਵੇਲੇ ਉਸ ਨੇ ਇਹ ਲੜਾਈ ਲੜੀ ਹੋਵੇਗੀ।''

[ਕਹਿੰਦੇ ਹਨ ਕਿ ਇਸ ਲੜਾਈ ਵਾਲੇ ਦਿਨ ਪੂਰਾ ਸੂਰਜ ਗ੍ਰਹਿਣ ਲੱਗਾ ਹੋਇਆ ਸੀ।†]

## ਇਹ ਸ਼ੱਕ ਕਿਉਂ?

ਇਕੱਲੇ ਫਾਰੱਸਟਰ ਸਿਰ ਦੋਸ਼ ਕਾਹਦਾ ਹੈ। ਇਕ ਫਾਰੱਸਟਰ ਕੀ, ਹਰੇਕ ਇਤਿਹਾਸਕਾਰ ਅਹਿਮਦ ਸ਼ਾਹ ਦੀ ਇਸ ਪਰਤੱਖ ਹਾਰ ਨੂੰ ਸ਼ੱਕ ਅਤੇ ਸ਼ੁਭੇ ਦੀ ਨਿਗਾਹ ਨਾਲ ਹੀ ਵੇਖੇਗਾ। ਉਹਨਾਂ ਦੇ ਵੱਸ ਨਹੀਂ। ਜੋ ਅਹਿਮਦ ਸ਼ਾਹ ਹਰ ਮੈਦਾਨ ਫ਼ਤਹ ਪਾਉਂਦਾ ਰਿਹਾ ਹੋਵੇ, ਆਪਣੇ ਸਮੇਂ ਦਾ ਸਭ ਤੋਂ ਵੱਡਾ ਤੇ ਕਦੇ ਨਾ ਹਾਰਨ ਵਾਲਾ ਜਰਨੈਲ ਹੋਵੇ, ਹਿੰਦੁਸਤਾਨ ਉਸ ਦੇ ਨਾਉਂ ਤੋਂ ਹੀ ਥਰ ਥਰ ਕੰਬਦਾ ਹੋਵੇ, ਕਾਬਲੋਂ ਹਿੰਦੁਸਤਾਨ ਵਲ ਚੜ੍ਹਨ ਦੀ ਖ਼ਬਰ ਸੁਣਦਿਆਂ ਹੀ ਅੰਗਰੇਜ਼ ਬਹਾਦਰ ਨੂੰ ਦਿਲੀ ਅੱਗੇ ਕਲਕਤੇ ਤਕ ਕਾਂਬਾ ਛਿੜ ਜਾਂਦਾ ਹੋਵੇ, ਮਰਹੱਟਿਆਂ ਵਰਗੀ 'ਤਾਕਤ' ਸਾਹ ਘੁਟ ਕੇ ਪੈ ਜਾਵੇ, ਦਿਲੀ ਦੀ ਬਾਦਸ਼ਾਹੀ ਤੇ ਪਿਲੱਤਣ ਫਿਰ ਜਾਵੇ ਤੇ ਨਬਜ਼ਾਂ ਖਲੋ ਜਾਣ, ਉਸ ਦੇ ਨਾਉਂ ਤੋਂ ਸਾਰੇ ਸੁੰਨ ਵਰਤ ਜਾਵੇ, ਉਹ ਅਹਿਮਦ ਸ਼ਾਹ ਸਿਖਾਂ ਤੋਂ ਇੰਜ ਹਾਰ ਖਾਵੇ, ਇਸ ਦਾ ਨਿਸਚਾ ਆਮ ਇਤਿਹਾਸਕਾਰ ਨੂੰ ਨਹੀਂ ਆ ਸਕਦਾ। ਪਰ ਜੋ ਸਿੰਘਾਂ ਦੇ ਆਚਰਨ ਤੇ ਸੁਭਾਵ ਦੇ ਜਾਣੂ ਹਨ, ਉਹ ਚੰਗੀ ਤਰ੍ਹਾਂ ਜਾਣਦੇ ਹਨ ਤੇ ਉਹਨਾਂ ਨੂੰ ਪੂਰਾ ਨਿਸਚਾ ਤੇ ਵਿਸ਼ਵਾਸ ਵੀ ਹੈ ਕਿ ਅਹਿਮਦ ਸ਼ਾਹ ਤਾਂ ਕੀ, ਜੇ ਕਿਤੇ ਕੋਈ ਉਸ ਤੋਂ ਵੀ ਵੱਡਾ ਹੁੰਦਾ ਤੇ ਬਹੁਤੀ ਸ਼ਕਤੀ ਰਖਦਾ ਹੁੰਦਾ, ਉਹ ਵੀ ਸਿੰਘਾਂ ਪਾਸੋਂ ਅਵੱਸ਼ ਹਾਰ ਖਾਂਦਾ। ਸਿੰਘ ਉਸ ਬੇਓੜਕੀ ਸ਼ਕਤੀ ਦੇ ਮਾਲਕ ਸਨ ਜਿਸ ਨਾਲ ਟਕਰਾਉਣਾ ਜਾਂ ਉਸ ਨੂੰ ਖਤਮ ਕਰ ਦੇਣਾ ਇਕ ਅਹਿਮਦ ਸ਼ਾਹ ਤਾਂ ਕੀ, ਅਨੇਕਾਂ ਅਹਿਮਦ ਸ਼ਾਹਾਂ ਦੀ ਵੀ ਮਜਾਲ ਨਹੀਂ ਸੀ। ਉਸ ਸਮੇਂ ਦੇ ਸਿੰਘਾਂ ਦੀ ਬੜੀ ਨਿੱਗਰ ਜਥੇਬੰਦੀ ਸੀ। ਪੰਥ ਦੀ ਖ਼ਾਤਰ ਜਾਨਾਂ ਵਾਰ ਦੇਣ ਵਾਲਾ ਖਾਲਸਈ ਕਰਤੱਵ ਤੇ ਅਥਾਹ ਭਰੋਸਾ, ਸ਼ੌਕ ਤੇ ਚੜ੍ਹਦੀ ਕਲਾ ਵਾਲੀ ਸਪਿਰਿਟ ਐਸੀਆਂ ਉਜਾਗਰ ਖੂਬੀਆਂ ਸਨ, ਜੋ ਸਿੰਘਾਂ ਨੂੰ ਹਰ ਮੈਦਾਨੇ ਫ਼ਤਹ ਹੀ ਦਿਵਾਉਂਦੀਆਂ ਸਨ।

## ਇਸ ਤੋਂ ਵਡਾ ਹੋਰ ਕੀ ਸਬੂਤ ਦਰਕਾਰ ਹੈ?

ਸਰਸਰੀ ਨਜ਼ਰ ਨਾਲ ਵੇਖਿਆਂ ਹੀ ਸਿੰਘਾਂ ਦੀ ਤਾਕਤ ਦਾ ਕਾਫ਼ੀ ਹਦ ਤਕ ਅੰਦਾਜ਼ਾ ਲੱਗ ਸਕਦੈ। ਜੋ ਕੌਮ ਕੁਪ ਰਹੀੜੇ ਦੇ ਹਮਲੇ ਵੇਲੇ ਅਹਿਮਦ ਸ਼ਾਹ ਦੀ ਪੂਰੀ ਤਾਕਤ ਹੁੰਦਿਆਂ, ਉਸ ਦੀ ਗਿਣਤੀ ਵੀ ਜ਼ਿਆਦਾ ਹੁੰਦਿਆਂ, ਸਭ ਸਹੂਲਤਾਂ ਉਸ ਦੇ ਪਾਸ ਹੁੰਦਿਆਂ ਸੁੰਦਿਆਂ ਵੀ, ਐਸੀ ਚਾਲ ਤੇ ਤਰਤੀਬ ਨਾਲ ਪਿਛੇ ਹਟਦੀ ਗਈ ਕਿ ੧੨ ਕੋਹਾਂ ਤੀਕ ਵੀ ਅਹਿਮਦ ਸ਼ਾਹ ਉਹਨਾਂ ਦੀਆਂ ਸਫਾਂ ਨੂੰ ਤੋੜ ਨਾ ਸਕਿਆ, ਸਗੋਂ ਏਥੋਂ ਤੀਕ ਕਿ ਪੂਰਾ ਪੂਰਾ ਟਿੱਲ ਲਾ ਕੇ ਵੀ ਉਹ ਉਹਨਾਂ ਦੇ ਵਹੀਰ ਤੇ ਲੜਾਕਿਆਂ ਨੂੰ ਅੱਡੋ ਅੱਡੀ ਨਿਖੇੜ ਨਾ ਸਕਿਆ, ਉਹ ਕੌਮ ਕੋਈ ਮਾਮੂਲੀ ਤਾਕਤ ਦੀ ਮਾਲਕ ਕੌਮ

---

†ਇਹ ਸੂਰਜ ਗ੍ਰਹਿਣ ੧੭ ਅਕਤੂਬਰ ਸੰ: ੧੭੬੨ ਈਸਵੀ ਮੁਤਾਬਕ ੬ ਕੱਤਕ ਸੰ: ਬਿਕਰਮੀ ੧੮੧੯ ਐਤਵਾਰ ਦੀਵਾਲੀ ਵਾਲੇ ਦਿਨ ਲਗਾ ਸੀ।

—ਸਵਰਨ ਸਿੰਘ



www.AKJ.Org

ਨਹੀਂ ਹੋ ਸਕਦੀ । ਇਹ ਸ਼ੱਕੀ ਇਤਿਹਾਸਕਾਰ ਸਾਰੀ ਦੁਨੀਆ ਦੇ ਇਤਿਹਾਸ ਵਿਚੋਂ ਕੋਈ ਇਕ ਵੀ ਐਸੀ ਮਿਸਾਲ ਪੇਸ਼ ਨਹੀਂ ਕਰ ਸਕਦੇ ਜਿਥੇ ਕੋਈ ਫੌਜ ਦੁਸ਼ਮਣ ਨਾਲ ਲੋਹਾ ਵੀ ਲਈ ਜਾਵੇ ਤੇ ਪਿਛੇ ਵੀ ਹਟਦੀ ਗਈ ਹੋਵੇ ਅਤੇ ਆਪਣੇ ਨਾਲ ਦੇ ਮਾਲ ਅਸਬਾਬ, ਬਾਲ ਬੱਚੇ, ਤੀਵੀਆਂ, ਬੁੱਢੇ ਠੇਰੇ, ਬੀਮਾਰਾਂ, ਜ਼ਖਮੀਆਂ ਅਤੇ ਨੌਕਰਾਂ ਚਾਕਰਾਂ (Non Combatants—ਨਾ ਲੜਨ ਵਾਲਾ element) ਨੂੰ ਵੀ ਬਚਾ ਕੇ ਦੁਸ਼ਮਣ ਦੇ ਪੰਜੇ 'ਚੋਂ ਕਢ ਲੈ ਗਈ ਹੋਵੇ।

ਕਿਸੇ ਪਿਛੇ ਹਟ ਰਹੀ ਫੌਜ ਦਾ ਆਪਣੇ ਆਪ ਨੂੰ ਬਚਾਂ ਕੇ, ਜਦ ਕਿ ਉਸ ਦੇ ਨਾਲ ਮਾਲ ਅਸਬਾਬ ਅਤੇ ਬਾਲ ਬੱਚਾ, ਤੀਵੀਆਂ, ਜ਼ਖਮੀ ਅਤੇ ਬੁਢੇ ਠੇਰੇ ਵਾਧੂ ਖਲਜਗਣ ਨਾ ਬਣੇ ਹੋਣ ਅਤੇ ਕੋਈ ਜ਼ਿਮੇਵਾਰੀ ਨਾ ਹੋਵੇ, ਇੰਜ ਨਿਕਲ ਜਾਣਾ ਕੋਈ ਔਖਾ ਨਹੀਂ ਤੇ ਨਾ ਹੀ ਇਹ ਕੋਈ ਵਡੀ ਗੱਲ ਹੀ ਹੈ। ਪਰ ਆਪਣੇ ਨਾਲ ਆਪਣੇ ਵਹੀਰ ਨੂੰ ਵੀ ਪੂਰੀ ਤਰ੍ਹਾਂ ਬਚਾਂ ਕੇ ਕੱਢ ਲਿਜਾਣਾ ਅਤੇ ਆਪਣੀ ਤਾਕਤ ਤੇ ਦੁਸ਼ਮਣ ਨੂੰ ਭਾਰੂ ਨਾ ਹੋਣ ਦੇਣਾ, ਇਹ ਸਿਰਫ ਸਿੰਘਾਂ ਦਾ ਹੀ ਕੰਮ ਹੈ। ਉਹਨਾਂ ਦੇ ਇਸ ਗੁਣ ਦਾ ਦੁਨੀਆ ਦੀ ਕੋਈ ਹੋਰ ਕੌਮ ਮੁਕਾਬਲਾ ਨਹੀਂ ਕਰ ਸਕਦੀ। ਇਹ ਇਕ ਬੇਮਿਸਾਲ ਕੌਮ ਹੈ। ਐਸੀ ਅਣਮਿਣੀ ਤਾਕਤ ਦੀ ਮਾਲਕ ਕੌਮ ਜਦ ਵਹੀਰ ਦਾ ਝੰਜਟ ਤੇ ਲਟਾਕਾ ਲਾਹ ਕੇ ਕੇਵਲ ਜੁਝਾਰ ਸੂਰਮਿਆਂ ਦੀ ਸਫਬੰਦੀ ਕਰ ਕੇ ਮੈਦਾਨ ਵਿਚ ਵੈਰੀ ਦੇ ਟਾਕਰੇ ਤੇ ਆ ਜਾਵੇ ਤਾਂ ਫਿਰ ਕੌਣ ਹੈ ਐਸਾ ਦੁਸ਼ਮਣ, ਜੋ ਇਹਨਾਂ ਨਾਲ ਟੱਕਰ ਲੈ ਸਕੇ ਤੇ ਮੂਹਰੇ ਅੜ ਸਕੇ ? ਅਹਿਮਦ ਸ਼ਾਹ ਦਾ ਸਿੰਘਾਂ ਹਥੋਂ ਹਾਰਨਾ ਕੋਈ ਅਨਹੋਣੀ ਤੇ ਅਨੋਖੀ ਗੱਲ ਨਹੀਂ। ਜ਼ਰਾ ਗਹੁ ਨਾਲ ਵੇਖਿਆਂ ਤੇ ਸਹੀ ਨਿਰਣਾ ਕੀਤਿਆਂ ਇਹ ਇਕ ਸਾਧਾਰਨ ਗੱਲ ਜਾਪਦੀ ਹੈ ਅਤੇ ਇਹੋ ਕਾਰਨ ਹੈ ਕਿ ਇਸ ਘਟਨਾ ਤੋਂ ਪਿਛੋਂ ਵੀ ਭਾਵੇਂ ਅਹਿਮਦ ਸ਼ਾਹ ਪੰਜਾਬ ਤੇ ਦੋ ਵਾਰ ਚੜ੍ਹ ਕੇ ਆਇਆ; ਪਰ ਉਹ ਕਦੇ ਸਿੰਘਾਂ ਨਾਲ ਪਹਿਲਾਂ ਵਾਂਗ ਵਧ ਕੇ ਨਾ ਲੜਿਆ । ਇਸ ਤੋਂ ਪਿਛਲੀਆਂ ਲੜਾਈਆਂ ਸਭ ਬਚਾਅ ਵਾਲੀ ਨੀਤੀ ਨਾਲ ਲੜਦਾ ਰਿਹਾ। ਜ਼ੋਰ-ਅਜ਼ਮਾਈ ਨਾਲੋਂ ਨੀਤੀ ਨੂੰ ਪ੍ਰਧਾਨ ਰਖਿਆ। ਉਸ ਨੇ ਪੂਰੇ ਯਤਨ ਕੀਤੇ ਕਿ ਸਿੰਘਾਂ ਨਾਲ ਉਲਝਣ ਦੀ ਬਜਾਏ ਇਹਨਾਂ ਨੂੰ ਨੀਤੀ ਦੇ ਪੇਚ ਵਿਚ ਲਿਆ ਕੇ ਨਾਲ ਮਿਲਾ ਲਿਆ ਜਾਵੇ। ਸਿੰਘਾਂ ਨੇ ਉਸ ਦੀ ਇਸ ਨੀਤੀ ਨੂੰ ਵੀ ਸਫਲ ਨਾ ਹੋਣ ਦਿਤਾ।

ਫ਼ਾਰੱਸਟਰ ਸਾਹਿਬ ਨੇ ਇਹ ਹਾਲਾਤ ੨੦-੨੨ ਸਾਲ ਅਸਲ ਘਟਨਾ ਤੋਂ ਪਿਛੋਂ ਇਕੱਠੇ ਕਰ ਕੇ ਲਿੱਖੇ ਹਨ। ਸਿਖਾਂ ਬਾਰੇ ਉਸ ਦਾ ਗਿਆਨ ਕਾਫ਼ੀ ਸਹੀ ਹੈ। ਉਹ ਬੜੀ ਬਰੀਕੀ ਨਾਲ ਵੇਖਣ ਵਾਲਾ ਹੈ । ਬਾਕੀ ਗੱਲਾਂ ਜਿਹੜੇ ਸ੍ਰੋਤਾਂ ਤੋਂ ਹਾਸਿਲ ਕਰ ਸਕਿਆ ਹੈ, ਨਿਰਸੰਦੇਹ ਉਸ ਬਹੁਤ ਹੱਦ ਤਕ ਸਚ ਅਤੇ ਇੰਨ ਬਿੰਨ ਹੀ ਹਨ । ਘਲੂ-ਘਾਰੇ ਦਾ ਜ਼ਿਕਰ ਪੰਜਾਬ ਦੇ ਲੋਕਾਂ ਦਿਆਂ ਸੀਨਿਆਂ ਤੇ ਜ਼ੁਬਾਨ ਦੀਆਂ ਨੋਕਾਂ ਤੋਂ ਹਾਸਲ ਕੀਤਾ ਹੋਵੇਗਾ। ਬਾਬਾ ਬੰਦਾ ਸਿੰਘ ਦੇ ਉਸ ਦੀ ਸ਼ਹੀਦੀ ਤਕ ਦੇ ਹਾਲਾਤ, ਭਾਈ ਮਨੀ ਸਿੰਘ ਦੀ ਸ਼ਹਾਦਤ, ਉਸ ਤੋਂ ਪਹਿਲਾਂ ਬਾਬਾ ਤਾਰਾ ਸਿੰਘ ਦੀ ਸ਼ਹਾਦਤ, ਭਾਈ ਤਾਰੂ ਸਿੰਘ ਦੀ ਸ਼ਹਾਦਤ, ਮੱਸੇ ਰੰਘੜ ਦਾ ਇਕ ਸਾਲ ਪਹਿਲਾਂ ਕਤਲ ਤੇ ਸੁਖਾ ਸਿੰਘ ਮਹਿਤਾਬ ਸਿੰਘ ਦੀ ਬਹਾਦਰੀ ਦੀ ਦਾਸਤਾਨ, ਪਹਿਲਾ ਘਲੂਘਾਰਾ, ਬਾਬਾ ਦੀਪ ਸਿੰਘ ਦੀ ਅਬਦਾਲੀ ਨਾਲ ਟੱਕਰ, ਨਾਦਰ ਸ਼ਾਹ ਨਾਲ ਸਿੰਘਾਂ ਦੀ ਟੱਕਰ, ਪਹਿਲਿਆਂ ਹੱਲਿਆਂ ਵਿਚ ਅਬਦਾਲੀ ਨਾਲ ਟੱਕਰਾਂ, ਮੀਰ ਮਨੂੰ ਦੀ ਸਹਾਇਤਾ, ਵੱਡਾ ਘਲੂਘਾਰਾ ਆਦਿ ਘਟਨਾਵਾਂ ਹਨ, ਜਿਨ੍ਹਾਂ ਤੇ ਅੱਜ ਤਕ ਕਿਸੇ ਸ਼ੱਕ ਨਹੀਂ ਕੀਤਾ। ਇਹ ਦਿਨ ਵਾਂਗ ਰੋਸ਼ਨ ਹਨ। ਅਹਿਮਦ ਸ਼ਾਹ ਦੀ ਹਾਰ ਉਤੇ ਸ਼ੱਕ ਦੀ ਕੀ ਗੁੰਜਾਇਸ਼ ਹੈ ? ਸਿਰਫ ਇਸ ਲਈ ਕਿ ਇਸ ਨੇ ਮਰਹੱਟਿਆਂ ਨੂੰ ਸ਼ਿਕੱਸਤ-ਫਾਸ਼ ਦਿਤੀ ਸੀ। ਪਹਿਲੇ ਲਿਆਂ ਹੱਲਿਆਂ ਵਿਚ ਅਬਦਾਲੀ ਕਿੰਨੀ ਵਾਰ ਹਾਰਿਆ। ਮਨੂੰ ਤੋਂ ਵੀ ਪਹਿਲੀ ਵਾਰ ਹਾਰ ਖਾਧੀ। ਕਦੀ ਕਿਸੇ ਇਤਿਹਾਸਕਾਰ ਨੇ ਸ਼ੱਕ ਨਹੀਂ ਕੀਤਾ । ਅਬਦਾਲੀ 'ਸਰਕਾਰ' ਆਦਿ ਲਈ ਤਾਂ ਹੀਰੋ ਹੋ ਨਹੀਂ ਸਕਦੇ, ਪਰ ਸਿੰਘ ਉਹਨੂੰ ਕੀ ਸਮਝਦੇ ਸਨ ? ਇਕ ਸੈਂਕੜੇ ਹੀ ਐਸੀਆਂ ਮਿਸਾਲਾਂ ਹਨ ਜੋ ਝੁਠਲਾਈਆਂ ਨਹੀਂ ਜਾ ਸਕਦੀਆਂ । (ਚਲਦਾ)



www.AKJ.Org

## ਅਨੰਦਪੁਰ ਸਾਹਿਬ ਵਿਖੇ ਜਪ ਤਪ ਸਮਾਗਮ

ਗੁਰਦਵਾਰਾ ਕਲਗੀਧਰ ਕੀਰਤਨ ਦਰਬਾਰ ਅਨੰਦਪੁਰ ਸਾਹਿਬ ਵਿਖੇ ੬ ਤੋਂ ੧੦ ਮਾਰਚ ਤਕ ਜਪ ਤਪ ਸਮਾਗਮ ਹੇਠ ਲਿਖੇ ਪ੍ਰੋਗ੍ਰਾਮ ਅਨੁਸਾਰ ਹੋ ਰਹੇ ਹਨ :—

ਅੰਮ੍ਰਿਤ ਵੇਲੇ ੨ ਵਜੇ ਤੋਂ ਨਾਮ ਅਭਿਆਸ, ੪ ਤੋਂ ੫ ਸੁਖਮਨੀ ਸਾਹਿਬ, ੬ ਵਜੇ ਤਕ ਨਿਤਨੇਮ, ੧੨ ਵਜੇ ਤਕ ਆਸਾ ਦੀ ਵਾਰ ਤੇ ਅਖੰਡ ਕੀਰਤਨ। ਸ਼ਾਮ ੪ ਵਜੇ ਤੋਂ ਨਾਮ ਅਭਿਆਸ, ੬।। ਤੋਂ ੮।। ਸੋਦਰ ਤੇ ਅਖੰਡ ਕੀਰਤਨ।

ਨੋਟ— ੧. ਨਾਮ ਬਾਣੀ ਤੋਂ ਬਿਨਾ ਕੋਈ ਗੱਲ ਨਾ ਕੀਤੀ ਜਾਵੇ। ੨. ਬੱਚੇ ਲਿਆਉਣ ਤੋਂ ਵੀ ਸੰਕੋਚ ਕੀਤਾ ਜਾਵੇ। ੩. ਨੁਕਤਾਚੀਨੀ ਦੀ ਵੀ ਲੋੜ ਨਹੀਂ।

ਦਾਸਰੇ—ਗੁਰੂ ਨਾਨਕ ਕੋਲਡ ਸਟੋਰਜ਼, ਚੁਗਾਵਾਂ, ਡਾਕਖਾਨਾ ਸੰਮੀਪੁਰ, ਜ਼ਿਲਾ ਜਲੰਧਰ।

## ਕੁਰਾਲਾ (ਹੁਸ਼ਿਆਰਪੁਰ) ਵਿਖੇ ਸ੍ਰੀ ਅਖੰਡਪਾਠ ਤੇ ਰੈਣ ਸਬਾਈ ਕੀਰਤਨ

ਸ਼ਹੀਦ ਭਾਈ ਅਵਤਾਰ ਸਿੰਘ ਜੀ ਦੇ ਗ੍ਰਹਿ ਕੁਰਾਲਾ ਜ਼ਿਲਾ ਹੁਸ਼ਿਆਰਪੁਰ ਵਿਖੇ ਹਰ ਸਾਲ ਵਾਂਗ ਸਾਲਾਨਾ ਪ੍ਰੋਗਰਾਮ ਹੋ ਰਹੇ ਹਨ। ੫ ਅਪ੍ਰੈਲ ਨੂੰ ਸ੍ਰੀ ਅਖੰਡਪਾਠ ਰਖੇ ਜਾਣਗੇ। ੭ ਅਪ੍ਰੈਲ ਸ਼ਨੀਵਾਰ ਅੰਮ੍ਰਿਤ ਵੇਲੇ ਸ੍ਰੀ ਅਖੰਡਪਾਠ ਦੇ ਭੋਗ ਪੈ ਕੇ ਦੁਪਹਿਰ ਤਕ ਅਖੰਡ ਕੀਰਤਨ ਹੋਣਗੇ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਭ ਉਠਾਉਣ। ਜਲੰਧਰ ਤੋਂ ਪਠਾਨਕੋਟ ਰੋਡ ਤੇ ਟਾਂਡਾ ਤੋਂ ਤਿੰਨ ਮੀਲਾਂ ਤੇ ਕੁਰਾਲਾ ਪਿੰਡ ਹੈ।

ਦਰਸ਼ਨ ਅਭਿਲਾਖੀ ਦਾਸਰਾ—ਇਕਬਾਲ ਸਿੰਘ ਸਪੁਤਰ ਸ਼ਹੀਦ ਇਕਬਾਲ ਸਿੰਘ, ਕੁਰਾਲਾ

## ਮੋਗਾ ਵਿਖੇ ਸਾਲਾਨਾ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਾ ਮੋਗਾ ਵਲੋਂ ਖਾਲਸਾ ਗਰਲਜ਼ ਹਾਈ ਸਕੂਲ ਮੋਗਾ ਵਿਖੇ ੨੪ ਮਾਰਚ ਸ਼ਨੀਵਾਰ ਦੀ ਰਾਤ ਨੂੰ ਸਾਲਾਨਾ ਰੈਣ ਸਬਾਈ ਕੀਰਤਨ ਹੋ ਰਹੇ ਹਨ, ਜਿਸ ਵਿਚ ਦੂਰੋਂ ਨੇੜਿਓਂ ਕੀਰਤਨੀ ਜਥੇ ਹਾਜ਼ਰੀਆਂ ਭਰਨ ਲਈ ਪੁਜ ਰਹੇ ਹਨ। ਸਮੂਹ ਸੰਗਤਾਂ ਹੁੰਮ-ਹੁਮਾ ਕੇ ਦਰਸ਼ਨ ਬਖਸ਼ਣ ਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ। ਪੁਛ ਗਿਛ—ਮਾ: ਚੇਤ ਸਿੰਘ, ਗੁਲਾਬੀ ਬਾਗ, ਮੋਗਾ (ਫਿਰੋਜ਼ਪੁਰ)

## ਫ਼ਤਿਹਪੁਰ (ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਅਨੂਪ ਸਿੰਘ ਜੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਹਿ ਪਿੰਡ ਫਤਿਹਪੁਰ ਡਾਕਖਾਨਾ ਬੁਲ੍ਹੋਵਾਲ ਜ਼ਿਲਾ ਹੁਸ਼ਿਆਰਪੁਰ ਵਿਖੇ ੨੪ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਹੁਸ਼ਿਆਰਪੁਰ ਬਸ ਸਟੈਂਡ ਦੇ ਸਾਹਮਣੇ ਪਟਰੋਲ ਪੰਪ ਤੋਂ ਰਾਤ ਅਠ ਵਜੇ ਫਤਿਹਪੁਰ ਲਈ ਟ੍ਰਾਲੀ ਚਲੇਗੀ। ਸੰਗਤਾਂ ਪੁਜ ਕੇ ਲਾਹੇ ਪ੍ਰਾਪਤ ਕਰਨ।

## ਬੰਗਾ (ਜਲੰਧਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਹਰਮਹਿੰਦਰ ਸਿੰਘ ਜੀ ਗੋਬਿੰਦਪੁਰੀ ਸਕੱਤਰ, ਅਖੰਡ ਕੀਰਤਨੀ ਜਥਾ ਬੰਗਾ ਸੂਚਨਾ ਦਿੰਦੇ ਹਨ ਕਿ ੨੪ ਮਾਰਚ ਸ਼ਨੀਵਾਰ ਦੀ ਰਾਤ ਨੂੰ ਗੁਰੂ ਨਾਨਕ ਸਤਸੰਗ ਗੁਰਦੁਆਰਾ ਵਿਖੇ ਰੈਣ ਸਬਾਈ ਕੀਰਤਨ ਹੋਣਗੇ। ਸੰਗਤਾਂ ਪੁਜ ਕੇ ਲਾਭ ਉਠਾਉਣ। ਬਸ ਅੱਡਾ ਬੰਗਾ ਤੋਂ ਗੁਰਦੁਆਰਾ ਸਾਹਿਬ ੨੫-੩੦ ਗਜ਼ ਹੈ।



www.AKJ.Org

ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਅਥਾਹ ਸ਼ਰਧਾ ਦਾ ਪ੍ਰਗਟਾ

# ਵਲੈਤ ਵਿਚ ਲਿਖੀ ਗਈ ਇਕ ਸੁੰਦਰ ਹਥਲਿਖਤ ਬੀੜ

(ਵਲੋਂ—ਪ੍ਰੋ: ਪ੍ਰਕਾਸ਼ ਸਿੰਘ ਜੀ, ਮੁਖੀ ਸਿਖ ਇਤਿਹਾਸ ਖੋਜ ਵਿਭਾਗ, ਖਾਲਸਾ ਕਾਲਜ, ਅੰਮ੍ਰਿਤਸਰ)

ਕਹਤੇ ਪਵਿਤ੍ਰ ਸੁਣਤੇ ਸਭਿ ਧੰਨੁ ਲਿਖਤੀ ਕੁਲੁ ਤਾਰਿਆ ਜੀਉ ॥ ਸਿਰੀ ਰਾਗ ਮ: ੫, ਪੰਨਾ ੮੧

ਗੁਰਬਾਣੀ ਹੱਥੀਂ ਲਿਖਣ ਦੀ ਮਹਿਮਾ ਮਹੱਤਤਾ ਅਪਰ ਅਪਾਰ ਹੈ। ਗੁਰਬਾਣੀ ਲਿਖਣ ਨਾਲ ਸੁਰਤੀ ਦੀ ਇਕਾਗਰਤਾ ਬਝ ਕੇ ਮਨ ਟਿਕਾਉ ਵਿਚ ਆ ਜਾਂਦਾ ਹੈ। ਗੁਰਬਾਣੀ ਦੀ ਹੱਥ-ਲਿਖਤ ਸਪਰਸ਼ ਨਾਲ 'ਕਲਾ' ਵਰਤ ਕੇ ਸਰੀਰ ਦੇ ਰਗੋ-ਰੇਸ਼ੇ ਵਿਚ ਪਰਵੇਸ਼ ਕਰ ਜਾਂਦੀ ਹੈ। ਪੁਰਾਤਨ ਕਾਲ ਵਿਚ ਗੁਰਸਿਖ ਗੁਰਬਾਣੀ ਹਥੀਂ ਲਿਖਣ ਦੀ ਕਾਰ ਬੜੇ ਚਾਉ ਤੇ ਲਗਨ ਨਾਲ ਕਰਿਆ ਕਰਦੇ ਸਨ ਅਤੇ ਪੋਥੀਆਂ ਲਿਖ ਲਿਖ ਕੇ ਗੁਰਮੁਖ ਸਰਧਾਲੂ ਜਨਾਂ ਤਕ ਭੇਟ ਕਰਿਆ ਕਰਦੇ ਸਨ। ਗੁਰਬਾਣੀ ਹੱਥੀਂ ਲਿਖਣ ਦੀ ਟਕਸਾਲ ਗੁਰੂ ਕੀ ਕਾਂਸ਼ੀ ਦਮਦਮਾ ਸਾਹਿਬ ਪਰਸਿਧ ਹੈ, ਜਿਥੇ ਕਿ ਅਨੇਕਾਂ ਬੀੜਾਂ ਲਿਖੀਆਂ ਗਈਆਂ।

ਗੁਰੂ ਕੇ ਨਿਕਟਵਰਤੀ ਵਡਭਾਗੇ ਗੁਰਸਿਖ ਭਾਈ ਗੁਰਦਾਸ ਜੀ, ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ ਤੇ ਹੋਰ ਅਨੇਕਾਂ ਗੁਰੂ ਕੇ ਲਾਲ ਗੁਰਬਾਣੀ ਹਥੀਂ ਲਿਖ ਲਿਖ ਕੇ ਹੀ ਪਰਮ ਪਦ ਪ੍ਰਵਾਣਤ ਹੋਏ। ਭਾਈ ਗੁਰਦਾਸ ਜੀ ਨੇ ਆਪਣੀਆਂ ਰਚਿਤ ਵਾਰਾਂ ਵਿਚ ਹਥਾਂ ਦੀ ਸਫਲ ਕਾਰ ਇਉਂ ਦਰਸਾਈ ਹੈ:—

ਗੁਰਬਾਣੀ ਲਿਖਿ ਪੋਥੀਆ ਤਾਲ ਮ੍ਰਿਦੰਗ ਰਬਾਬ ਵਜਾਵੈ ॥ ਵਾਰ ੬, ਪਉੜੀ ੧੨

ਛਾਪੇਖਾਨਿਆਂ ਦੇ ਆਉਣ ਨਾਲ ਇਹ ਸਫਲ ਕਾਰ ਖ਼ਤਮ ਹੀ ਹੋ ਗਈ ਹੈ। ਅਜਿਹੇ ਜ਼ਮਾਨੇ ਵਿਚ ਇੰਗਲੈਂਡ ਵਰਗੇ ਦੇਸ਼ ਵਿਚ ਰਹਿੰਦਿਆਂ ਹੋਇਆਂ ਦਸਾਂ ਨਹੁਆਂ ਦੀ ਕਿਰਤ ਕਰਦਿਆਂ ਸਮਾ ਕਢ ਕੇ ਇਕ ਨੌਜਵਾਨ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦਾ ਉਤਾਰਾ ਸੁੰਦਰ ਲਿਖਤ ਵਿਚ ਦਸਾਂ ਸਾਲਾਂ ਵਿਚ ਸੰਪੂਰਨ ਕਰਨ ਦੀ ਵਾਰਤਾ ਹੇਠਾਂ ਦਿਤੀ ਜਾਂਦੀ ਹੈ। ਇਹ ਉਸ ਗੁਰਮੁਖ ਦਾ ਬਹੁਤ ਉਤਮ ਕਰਮ ਤੇ ਕੁਲਾਂ ਤਾਰਨ ਵਾਲਾ ਉਪਰਾਲਾ ਹੈ। ਸਤਿਗੁਰੂ ਉਸ ਨੂੰ ਭੈ ਭਾਵਨੀ ਤੇ ਨਿਰਮਾਣਤਾ ਵਿਚ ਰਖਣ ਅਤੇ ਹੋਰ ਗੁਰਸਿਖਾਂ ਨੂੰ ਉਸ ਦੇ ਪੂਰਨਿਆਂ ਤੇ ਚਲਣ ਦੀ ਪ੍ਰੇਰਨਾ ਬਖਸ਼ਣ।

ਇਸ ਕਿਰਤੀ ਸਿੰਘ ਦੀ ਦਸਾਂ ਸਾਲਾਂ ਦੀ ਘਾਲਣਾ ਸਦਕਾ ਜੋ ਪਾਵਨ ਬੀੜ ਲਿਖ ਕੇ ਤਿਆਰ ਹੋਈ ਹੈ, ਉਸ ਵਿਚ ਅਤੀ ਪ੍ਰਸੰਨਤਾ ਵਾਲੀ ਗੱਲ ਇਹ ਹੈ ਕਿ ਇਹ ਪਾਵਨ ਸਰੂਪ ਲੜੀਦਾਰ ਜੁੜਤ ਅਖਰਾਂ ਵਿਚ ਹੈ। ਇਹ ਇਕ ਬੜਾ ਮਹਾਨ ਕਾਰਜ ਹੈ। ਇਸ ਹੱਥ ਲਿਖਤੀ ਬੀੜ ਦੇ ਇਕ ਪਤਰੇ ਦਾ ਉਤਾਰਾ ਇਥੇ ਸ਼੍ਰੋਮਣੀ ਕਮੇਟੀ ਪਾਸ ਪੁਜਾ ਹੈ ਜਿਸ ਦੇ ਦਰਸ਼ਨ ਕਰਨ ਤੋਂ ਪਤਾ ਲਗਾ ਹੈ ਕਿ ਇਸ ਵਿਚ ਕੁਝ ਲਗ-ਮਾਤਰੀ ਅਸ਼ੁੱਧੀਆਂ ਹਨ। ਸਬੰਧਤ ਸਜਣਾਂ ਪਾਸ ਬਿਨੈ ਹੈ ਕਿ ਉਹ ਹੋਰ ਸਰੂਪਾਂ ਨਾਲ ਇਸ ਬੀੜ ਦੀ ਸੁਧਾਈ ਕਰ ਲੈਣ। —ਸੂਰਾ ਪਰਵਾਰ

—੧—

ਦੋਸਾਂ ਗੁਰਾਂ ਦੇ ਆਤਮਕ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਧਰਮ ਦਾ ਧੁਰਾ ਹਨ। ਇਹ ਹਾਜ਼ਰਾ ਹਜ਼ੂਰ, ਜ਼ਾਹਿਰਾ ਜ਼ਹੂਰ, ਪਰਗਟ ਗੁਰਾਂ ਕੀ ਦੇਹ ਹਨ। ਇਹ ਬਾਣੀ ਦੇ ਬੋਹਿਥ ਤੇ ਨਾਮ ਦੇ ਜਹਾਜ਼ ਪੰਥ ਦੀ ਆਤਮਾ ਹਨ। ਸਰਬ ਕਲਾ ਭਰਪੂਰ ਤੇ ਚੌਵਰ ਤਖਤ ਦੇ ਮਾਲਕ, ਇਹ ਸਿੱਖਾਂ ਦੇ ਜੁਗੋ ਜੁਗ ਅਟੱਲ ਸ਼ਬਦ-ਗੁਰੂ ਹਨ।

ਹਰ ਗੁਰਦੁਆਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਜ਼ਰੂਰੀ ਹੈ। ਸਿੱਖ ਸੰਗਤਾਂ ਗੁਰਦੁਆਰਿਆਂ ਵਿਚ ਜੁੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਦਬ ਸਤਿਕਾਰ ਕਰਦੀਆਂ ਹਨ। ਦਰਸ਼ਨ ਦੀਦਾਰ ਤੇ ਪਾਠ ਕਰ ਕੇ ਜੀਵਨ ਸਫਲ ਕਰਦੀਆਂ ਹਨ। ਇਸ ਤੋਂ ਇਲਾਵਾ ਕਈ ਗੁਰੂ ਸੁਆਰੇ ਪ੍ਰੇਮੀ ਆਪਣੇ ਘਰਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਦੇ ਹਨ। ਹਰ ਰੋਜ਼ ਸ੍ਰੀ ਗੁਰੂ ਜੀ ਦੇ ਦਰਸ਼ਨ ਕਰਦੇ ਤੇ ਪਾਠ ਕਰ ਕੇ ਲਾਭ ਪ੍ਰਾਪਤ ਕਰਦੇ ਹਨ। ਇਹੋ ਜਹੀਆਂ ਸੰਗਤਾਂ ਤੇ ਗੁਰਸਿੱਖ ਪ੍ਰੇਮੀ ਧੰਨਤਾ ਯੋਗ ਹਨ।

—੨—

ਅੱਜ ਦੇ ਸਾਇੰਸ ਤੇ ਮਸ਼ੀਨ ਦੇ ਯੁਗ ਵਿਚ, ਛਾਪੇਖਾਨਿਆਂ ਦੁਆਰਾ ਛਪੀਆਂ ਹੋਈਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਸੁੰਦਰ ਬੀੜਾਂ, ਵਖ ਵਖ ਸਾਈਜ਼ਾਂ ਵਿਚ, ਸੌਖੇ ਹੀ ਮਿਲ ਜਾਂਦੀਆਂ ਹਨ। ਛਾਪੇਖਾਨੇ ਦੇ ਪ੍ਰਬੰਧ ਤੋਂ ਪਹਿਲਾਂ ਤਾਂ ਗੁਰਬਾਣੀ ਦੀਆਂ ਪੋਥੀਆਂ, ਗੁਟਕੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਖ਼ੁਸ਼ਖ਼ਤ ਲਿਖਣ ਵਾਲੇ ਪ੍ਰੇਮੀ ਜਨਾਂ ਤੋਂ ਲਿਖਵਾਏ ਜਾਂਦੇ ਸਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਆਦਿ ਬੀੜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਪਾਸੋਂ ਲਿਖਵਾਈ। ਇਹ ਪਵਿਤਰ ਬੀੜ ਕਰਤਾਰਪੁਰ



www.AKJ.Org

(ਜ਼ਿਲਾ ਜਲੰਧਰ) ਵਿਚ ਸੁਰਖਿਅਤ ਹੈ ਤੇ ਕਰਤਾਰ ਪੁਰ ਦੀ ਬੀੜ ਕਰਕੇ ਪ੍ਰਸਿੱਧ ਹੈ। ਮਾਂਗਟ ਨਿਵਾਸੀ ਭਾਈ ਬੰਨੋ ਨੇ ਇਸੇ ਬੀੜ ਤੋਂ ਉਤਾਰਾ ਕਰ ਕੇ, ਤੇ ਆਪਣੀ ਇੱਛਾ ਅਨੁਸਾਰ, ਕੁਝ ਵਾਧੂ 'ਬਾਣੀ' ਦਰਜ ਕਰ ਕੇ ਜੋ ਬੀੜ ਤਿਆਰ ਕੀਤੀ ਉਹ ਭਾਈ ਬੰਨੋ ਦੀ ਬੀੜ ਕਰਕੇ ਪ੍ਰਸਿੱਧ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਦੇ ਅਸਥਾਨ ਤੇ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਲਿਖਵਾਏ, ਉਹ ਦਮਦਮੇ ਵਾਲੀ ਬੀੜ ਕਰਕੇ ਪ੍ਰਸਿੱਧ ਹੈ।

ਇਨ੍ਹਾਂ ਇਤਿਹਾਸਕ ਹੱਥ-ਲਿਖਤ ਬੀੜਾਂ ਤੋਂ ਇਲਾਵਾ ਅਨੇਕਾਂ ਹੋਰ ਹੱਥ-ਲਿਖਤ ਬੀੜਾਂ ਹਨ। ਇਨ੍ਹਾਂ ਵਿਚੋਂ ਕੁਝ ਕੁ ਦਾ ਇਤਿਹਾਸਕ ਗੁਰਦੁਆਰਿਆਂ ਵਿਚ ਪ੍ਰਕਾਸ਼ ਵੀ ਹੁੰਦਾ ਹੈ। ਪਰ ਅਜਿਹੀਆਂ ਬਹੁ-ਤੀਆਂ ਬੀੜਾਂ, ਇਤਿਹਾਸਕ ਗੁਰਦੁਆਰਿਆ, ਖੋਜ ਵਿਭਾਗਾਂ ਤੇ ਲਾਇਬਰੇਰੀਆਂ ਵਿਚ ਸੁਰੱਖਿਅਤ ਹਨ। ਇਨ੍ਹਾਂ ਹੱਥ-ਲਿਖਤ ਬੀੜਾਂ ਦਾ ਅਧਿਐਨ ਕਈ ਪੱਖਾਂ ਤੋਂ ਬਹੁਤ ਹੀ ਦਿਲਚਸਪ ਹੈ। ਕਈ ਬੀੜਾਂ ਦੀ ਲਿੱਪੀ ਬਹੁਤ ਹੀ ਸੁੰਦਰ ਹੈ। ਕਈ ਸਚਿਤ੍ਰ ਹਨ। ਕਈਆਂ ਵਿਚ ਹਰ ਪੰਨੇ ਦੇ ਇਰਦ ਗਿਰਦ ਬੇਲ ਬੂਟੇ ਹਨ। ਆਦਿ ਆਦਿ।

ਹੱਥ-ਲਿਖਤ ਬੀੜਾਂ ਵਧੇਰੇ ਪੰਜਾਬ ਹੀ ਲਿਖੀਆਂ ਗਈਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਾਬਾ ਦੀਪ ਸਿੰਘ ਜੀ ਨੇ ਕੁਝ ਬੀੜਾਂ ਲਿਖੀਆਂ ਤੇ ਲਿਖਵਾਈਆਂ। ਇੰਜ ਹੀ ਮਗਰੋਂ ਸਹਿਜੇ ਸਹਿਜੇ ਸੈਂਕੜੇ ਬੀੜਾਂ ਦੇ ਉਤਾਰੇ ਹੁੰਦੇ ਗਏ।

ਪੰਜਾਬ ਤੋਂ ਬਾਹਰ ਭਾਰਤ ਦੇ ਹੋਰ ਹਿੱਸਿਆਂ ਵਿਚ ਵੀ ਕਈ ਬੀੜਾਂ ਤਿਆਰ ਹੋਈਆਂ, ਜੋ ਕਿ ਪਟਨਾ ਸਾਹਿਬ, ਹਜ਼ੂਰ ਸਾਹਿਬ ਤੇ ਹੋਰ ਇਤਿਹਾਸਕ ਅਸਥਾਨਾਂ ਤੇ ਸੁਰੱਖਿਅਤ ਹਨ।

ਕੁਝ ਹੱਥ-ਲਿਖਤ ਬੀੜਾਂ ਕਈ ਗੁਰਸਿਖਾਂ ਦੇ ਘਰਾਂ ਵਿਚ ਵੀ ਸੁਰੱਖਿਅਤ ਦੇਖਣ ਵਿਚ ਆਉਂਦੀਆਂ ਹਨ, ਜੋ ਕਿ ਇਕ ਪੀੜ੍ਹੀ ਤੋਂ ਮਗਰੋਂ ਦੂਜੀ ਪੀੜ੍ਹੀ ਨੇ ਸੰਭਾਲ ਕੇ ਰਖੀਆਂ ਹਨ।

( ੩ )

ਇਸ ਹਥਲੇ ਲੇਖ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਕ ਐਸੀ ਹੱਥ-ਲਿਖਤ ਬੀੜ ਬਾਰੇ ਸਵਿਸਥਾਰ ਜ਼ਿਕਰ ਕਰਨ ਦਾ ਯਤਨ ਕੀਤਾ ਗਿਆ ਹੈ ਜੋ ਕਿ ਇੰਗਲੈਂਡ ਦੇ ਪ੍ਰਸਿਧ ਨਗਰ ਬਰਮਿੰਘਮ ਵਿਚ ਤਿਆਰ ਹੋਈ ਹੈ ਤੇ ਜਿਸ ਦਾ ਪ੍ਰਕਾਸ਼, ਉਥੋਂ ਦੇ ਗਰਾ-ਹਮ ਸਟ੍ਰੀਟ ਦੇ ਗੁਰਦੁਆਰੇ ਵਿਚ ੧੩ ਨਵੰਬਰ, ੧੯੭੭ ਨੂੰ ਧੂਮ ਧਾਮ ਨਾਲ ਬੜੇ ਵਡੇ ਪੈਮਾਨੇ ਤੇ ਕੀਤੇ-ਗਏ-ਇਕ-ਸਮਾਗਮ ਵਿਚ ਹੋਇਆ।

ਬਰਮਿੰਘਮ ਦੀਆਂ ਸਿਖ ਸੰਗਤਾਂ ਤੋਂ ਇਲਾਵਾ ਇੰਗਲੈਂਡ ਦੇ ਵਖ ਵਖ ਸ਼ਹਿਰਾਂ ਤੇ ਨਗਰਾਂ ਤੋਂ ਹਜ਼ਾਰਾਂ ਸਿਖ ਸੰਗਤਾਂ ਇਸ ਮੌਕੇ ਤੇ ਇਕੱਤਰ ਹੋਈਆਂ। ਇਸ ਹੱਥ-ਲਿਖਤ ਬੀੜ ਤੋਂ ਸ੍ਰੀ ਅਖੰਡਪਾਠ ਰਖ ਕੇ ਭੋਗ ਪਾਇਆ ਗਿਆ। ਅਖੰਡ ਕੀਰਤਨੀ ਜਥੇ ਨੇ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ। ਸ: ਗਿਆਨ ਸਿੰਘ ਸੁਰਜੀਤ ਨੇ ਵੀ ਸ਼ਬਦ ਗਾਇਨ ਕਰ ਕੇ ਹਾਜ਼ਰੀ ਲੁਆਈ। 'ਬਸੰਤ', 'ਪ੍ਰੀਤਮ' ਤੇ 'ਸ਼ਾਦ' ਸਥਾਨਕ ਕਵੀਆਂ ਨੇ ਕਵਿਤਾਵਾਂ ਦੁਆਰਾ ਸ਼ਰਧਾਂਜਲੀਆਂ ਭੇਟ ਕੀਤੀਆਂ। ਗਿਆਨੀ ਸੁਰਜਨ ਸਿੰਘ, ਪ੍ਰੋਫੈਸਰ ਸੁਰਜੀਤ ਸਿੰਘ ਕਾਲੜਾ, ਗਿਆਨੀ ਰੇਸ਼ਮ ਸਿੰਘ ਤੇ ਸ: ਹਰਿੰਦਰ ਸਿੰਘ ਬਜਾਜ ਨੇ ਇਸ ਹੱਥ-ਲਿਖਤ ਬੀੜ ਦੀ ਤਿਆਰੀ ਵਿਚ ਕੀਤੀ ਗਈ ਘਾਲਣਾ ਦੀ ਸ਼ਲਾਘਾ ਕੀਤੀ। ਸ੍ਰੀ ਅਖੰਡ ਪਾਠ ਸ਼ੁਰੂ ਹੋਣ ਵਾਲੇ ਦਿਨ ਤੋਂ ਲੈ ਕੇ ਪਾਠ ਦੀ ਸਮਾਪਤੀ ਤਕ ਤਿੰਨ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ।

( ੪ )

ਬਰਮਿੰਘਮ ਵਿਚ ਜਿਸ ਹੱਥ-ਲਿਖਤ ਬੀੜ ਦਾ ਇਤਨੇ ਉਤਸ਼ਾਹ ਨਾਲ ਪ੍ਰਕਾਸ਼ ਕਰ ਕੇ ਸਮਾਗਮ ਕੀਤਾ ਗਿਆ ਉਹ ਇਕ ਨੌਜਵਾਨ ਗੁਰਸਿਖ ਸ: ਗੁਰਚਰਨ ਸਿੰਘ ਲੋਟੇ ਨੇ ਲਿਖੀ ਹੈ, ਜਿਸ ਦੀ ਉਮਰ ਹੁਣ ਤੀਹ ਕੁ ਸਾਲ ਹੈ। ੧੯੬੪ ਵਿਚ ਇਹ ਨੌਜਵਾਨ ਪੰਜਾਬ ਤੋਂ ਇੰਗਲੈਂਡ ਗਿਆ। ੧੯੬੭ ਵਿਚ ਇਸ ਸਿਖੀ ਸਿਦਕ ਵਾਲੇ ਨੌਜਵਾਨ ਦੇ ਮਨ ਵਿਚ ਇਹ ਸੰਕਲਪ ਉਠਿਆ ਕਿ ਉਹ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿਤਰ ਬਾਣੀ ਨੂੰ ਆਪਣੇ ਹੱਥ ਨਾਲ ਖੂਬਸੂਰਤ ਅਖਰਾਂ ਵਿਚ ਲਿਖੇ। ਅਰਦਾਸਾ ਸੋਧ ਕੇ ਉਸ ਨੇ ਇਹ ਕੰਮ ਸ਼ੁਰੂ ਕਰ ਦਿਤਾ।

ਜਦੋਂ ਸ: ਗੁਰਚਰਨ ਸਿੰਘ ਨੇ ਇਹ ਮਹਾਨ ਘਾਲਣਾ ਵਾਲਾ ਕੰਮ ਅਰੰਭਿਆ ਤਾਂ ਉਸ ਵੇਲੇ ਉਹ



www.AKJ.Org

ਕੁਆਰਾ ਸੀ। ਥੋੜੇ ਚਿਰ ਮਗਰੋਂ ਉਸ ਦੀ ਸ਼ਾਦੀ ਹੋਈ। ਉਹ ਹੁਣ ਚਾਰ ਬੱਚਿਆਂ ਦਾ ਬਾਪ ਹੈ। ਉਸ ਦੇ ਦੋ ਬੱਚੇ ਟਿੰਡਲ ਸਕੂਲ ਵਿਚ ਪੜ੍ਹਦੇ ਹਨ ਤੇ ਇਕ ਬੱਚਾ ਜੈਕਮੈਨ ਨਰਸਰੀ ਸਕੂਲ ਵਿਚ ਪੜ੍ਹਦਾ ਹੈ। ਸਭ ਤੋਂ ਛੋਟਾ ਅਜੇ ਮਾਂ ਦੇ ਕੁਛੜ ਹੈ।

ਸ: ਗੁਰਚਰਨ ਸਿੰਘ ਹੱਥੀਂ ਕੰਮ ਕਰਨਵਾਲਾ ਕਿਰਤੀ ਹੈ। ਲਕੜ ਦਾ ਕੰਮ ਬਹੁਤ ਸੁੰਦਰ ਕਰਦਾ ਹੈ। ਮੈਕ-ਐਲਪਾਈਨਜ਼ ਨਾਮ ਦੇ ਸੰਚਾਲਕਾਂ ਲਈ ਕੰਮ ਕਰ ਕੇ ਆਪਣੀ ਉਪਜੀਵਕਾ ਕਰਦਾ ਹੈ। ਪੰਜਾਬ ਤੋਂ ਜਾ ਕੇ ਉਹ ਬਰਮਿੰਘਮ ਵਿਖੇ ਹੀ ਰਹਿ ਰਿਹਾ ਹੈ ਤੇ ਉਸ ਦੀ ਰਿਹਾਇਸ਼ ੧੦੩, ਜੈਕਸਨ ਰੋਡ, ਬਾਲਸਾਲ ਹੀਥ, ਬਰਮਿੰਘਮ ਵਿਖੇ ਹੀ ਹੈ।

ਇਕ ਉਤਸ਼ਾਹੀ ਨੌਜਵਾਨ ਨੇ ਸਹਿਜੇ ਸਹਿਜੇ ਹਰ ਰੋਜ਼ ਥੋੜੀ ਥੋੜੀ ਬਾਣੀ ਲਿਖ ਕੇ ਇਸ ਉਤਮ ਕਾਰਜ ਨੂੰ ਦਸ ਸਾਲਾਂ ਵਿਚ ਸਿਰੇ ਚੜ੍ਹਾਇਆ। ਇਸ ਦੀ ਮਿਹਨਤ ਤੇ ਘਾਲਣਾ ਦਾ ਸਹੀ ਅੰਦਾਜ਼ਾ ਲਗਾਣਾ ਕਠਨ ਹੈ। ੧੪੩੦ ਪੰਨੇ ਖੂਬਸੂਰਤ ਅਖਰਾਂ ਵਿਚ ਲਿਖਣੇ ਕੋਈ ਸੌਖਾ ਕੰਮ ਨਹੀਂ। ੨੦ (ਵੀਹ) ਇੰਚ ਲੰਬੇ ਤੇ ੧੬ (ਸੋਲ੍ਹਾਂ) ਇੰਚ ਚੌੜੇ ਸਾਈਜ਼ ਦੇ ਇਕ ਇਕ ਕਾਗਜ਼ ਉਪਰ, ਬਾਸ ਦੀਆਂ ਕਲਮਾਂ ਘੜ ਘੜ ਕੇ, ਮੋਟੇ ਅਖਰਾਂ ਵਿਚ, ਸ: ਗੁਰਚਰਨ ਸਿੰਘ ਨੇ ਗੁਰਬਾਣੀ ਦੇ ਸ਼ਬਦ ਮੋਤੀਆਂ ਵਾਂਗ ਪ੍ਰੋ ਪ੍ਰੋ ਕੇ, ਅਨੇਕਾਂ ਹਾਰ ਬਣਾਏ। ਫਿਰ ਇਹ ਸਾਰੇ ਹਾਰ ਰੂਪ ਪੰਨੇ ਇਕੱਠੇ ਕਰ ਕੇ ਇਕ ਬੀੜ ਰੂਪ ਖਜ਼ਾਨਾ ਤਿਆਰ ਕੀਤਾ। ਜਿਸ ਦੀ ਇਕ ਖੂਬਸੂਰਤ ਜਿਲਦ ਬੰਨ ਕੇ ਪਵਿਤਰ ਬੀੜ ਤਿਆਰ ਹੋਈ।

ਖੁਸ਼-ਨਵੀਸੀ ਵੀ ਇਕ ਹੁਨਰ ਹੈ। ਪ੍ਰੈਸ ਦੀ ਕਾਢ ਨਾਲ ਸੁਲਿਪੀਕਾਰਾਂ ਤੇ ਸੁਲੇਖਕਾਂ ਦੀ ਗਿਣਤੀ ਘਟ ਗਈ ਹੈ। ਹੁਣ ਕੋਈ ਕੋਈ ਟਾਵਾਂ ਕਲਾਕਾਰ ਹੈ ਜੋ ਕਿ ਸੁੰਦਰ ਲਿਖਤ ਕਰ ਸਕੇ।

ਸਿੱਖੀ ਸਿਦਕ ਵਾਲੇ ਨੌਜਵਾਨ ਗੁਰਚਰਨ ਸਿੰਘ ਵਿਚ ਕਈ ਗੁਣ ਹਨ। ਉਹ ਲਕੜ ਦੁਆਰਾ ਸੁੰਦਰ ਫ਼ਰਨੀਚਰ ਬਣਾ ਲੈਂਦਾ ਹੈ। ਕੋਈ ਸੁੰਦਰ ਡੀਜ਼ਾਈਨ ਬਣਾਂਦਾ ਹੈ।ਖੂਬਸੂਰਤ ਅੱਖਰ ਲਿਖਣ ਵਿਚ ਮਾਹਿਰ ਹੈ। ਉਹ ਕਵੀ ਵੀ ਹੈ।ਇਸ ਨੌਜਵਾਨ ਦਾ ਇਰਾਦਾ ਇਤਨਾ ਪੱਕਾ ਹੈ ਤੇ ਉਹ ਨਿਰੰਤਰ ਕਿਵੇਂ ਮਿਹਨਤ ਕਰ ਸਕਦਾ ਹੈ। ਉਸ ਵਿਚ ਕਿਤਨਾ ਸਬਰ ਤੇ ਕਿਤਨੀ ਹਿੰਮਤ ਹੈ, ਇਸ ਦਾ ਅੰਦਾਜ਼ਾ ਉਸ ਦੀ ਇਸ ਘਾਲਣਾ ਤੋਂ ਲਗਾਇਆ ਜਾ ਸਕਦਾ ਹੈ, ਜੋ ਕਿ ਉਸ ਨੇ ਹੱਥ-ਲਿਖਤ ਸੁੰਦਰ ਬੀੜ ਤਿਆਰ ਕਰ ਕੇ ਦਿਖਾਈ ਹੈ।

( ੫ )

ਅਜ ਸਾਰੇ ਸੰਸਾਰ ਵਿਚ ਧਰਮ ਵਲੋਂ ਅਣਗਹਿਲੀ ਤੇ ਲਾਪਰਵਾਹੀ ਦੀ ਜੋ ਲਹਿਰ ਚਲ ਰਹੀ ਹੈ, ਉਸ ਤੋਂ ਸਾਡਾ ਦੇਸ਼ ਵੀ ਨਹੀਂ ਬਚਿਆ। ਪਛਮੀ ਦੇਸ ਤਾਂ ਇਸ ਦਾ ਬਹੁਤ ਸ਼ਿਕਾਰ ਹੋਏ ਹਨ। ਪਛਮੀ ਸਭਿਅਤਾ ਦੇ ਅਸਰ ਹੇਠ ਸਾਡੇ ਨੌਜਵਾਨ ਪੂਰਬ ਵਿਚ ਵਿਚਰਦੇ ਹੋਏ ਵੀ ਧਰਮ ਤੋਂ ਬੇਮੁਖ ਤੇ ਪਤਿਤ ਹੋ ਰਹੇ ਹਨ। ਪਛਮ ਵਿਚ ਰਹਿੰਦੇ ਹੋਏ ਉਥੋਂ ਦੇ ਮਾਇਆ ਜਾਲ ਤੋਂ ਬਚੇ ਰਹਿਣਾ ਤੇ ਧਰਮ ਨੂੰ ਕਾਇਮ ਰਖਣਾ ਬੜੀ ਬਹਾਦਰੀ ਦਾ ਕੰਮ ਹੈ। ਉਨ੍ਹੀ ਵੀਹ ਸਾਲ ਦੀ ਉਮਰ ਐਸੀ ਅਲ੍ਹੜ ਉਮਰ ਹੁੰਦੀ ਹੈ ਜਿਸ ਵਿਚ ਕਿ ਨੌਜਵਾਨ, ਸੰਸਾਰੀ ਪਦਾਰਥਾਂ ਤੇ ਰੂਪ ਰੰਗ ਵਿਚ ਫਸ ਕੇ ਧਰਮ ਤੋਂ ਮੂੰਹ ਮੋੜ ਲੈਂਦੇ ਹਨ। ਪਰ ਸ: ਗੁਰਚਰਨ ਸਿੰਘ ਨੇ ਇਸ ਉਮਰ ਵਿਚ, ਵਲੈਤ ਦੇ ਚਮਕ ਦਮਕ ਤੇ ਮਨ ਭਰਮਾਉਣ ਵਾਲੇ ਵਾਤਾਵਰਣ ਵਿਚ ਰਹਿ ਕੇ, ਆਪਣੇ ਧਰਮ ਤੇ ਸਿਖੀ ਸਰੂਪ ਨੂੰ ਕਾਇਮ ਹੀ ਨਹੀਂ ਰਖਿਆ, ਸਗੋਂ ਸਿੱਖੀ ਸਿਦਕ ਤੇ ਗੁਰਬਾਣੀ ਨਾਲ ਅਥਾਹ ਸ਼ਰਧਾ ਦਾ ਪ੍ਰਗਟਾ ਵੀ ਕੀਤਾ ਹੈ।

ਸੰਗਤ ਵਿਚ ਜੁੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਆਦਰ ਤੇ ਸਮੂਹਕ ਸ਼ਰਧਾ ਦਾ ਪ੍ਰਗਟਾ ਵਖਰੀ ਗੱਲ ਹੈ ਤੇ ਵਿਅਕਤੀਗਤ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਦਬ ਸਤਿਕਾਰ ਹੋਰ ਗੱਲ ਹੈ। ਕੋਈ ਸਿਖ ਇਕੱਲਿਆ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਕਿਹੋ ਜਿਹੀ ਭਾਵਨਾ ਰਖਦਾ ਹੈ, ਇਕੱਲਿਆਂ ਗੁਰਬਾਣੀ ਦਾ ਕਿਵੇਂ ਆਦਰ ਕਰਦਾ ਹੈ, ਇਹ ਹੈ ਉਸ ਦੀ ਸ਼ਬਦ ਗੁਰੂ ਬਾਰੇ ਸ਼ਰਧਾ ਦੀ ਸਹੀ ਪਰਖ। ਕੋਈ ਹਰ ਰੋਜ਼ ਗੁਰਦੁਆਰੇ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਨਿਰਾ ਮੱਥਾ ਹੀ ਟੇਕਦਾ ਹੈ ਤੇ ਦਰਸ਼ਨ ਦੀਦਾਰ ਕਰਨਾ ਹੀ ਆਪਣਾ ਨੇਮ ਸਮਝਦਾ ਹੈ। ਕਈ ਹਰ ਰੋਜ਼ ਜਾਂ ਜਦੋਂ ਵਿਹਲ ਲਗੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਾ ਹੈ। ਕਈ ਤਾਂ ਇਕ ਖਾਸ ਮਿਥੇ ਸਮੇਂ ਵਿਚ ਸੰਪੂਰਨ ਪਾਠ ਕਰ ਕੇ ਭੋਗ ਪਾਂਦੇ ਹਨ। ਕਈ ਪਾਠ ਨਹੀਂ ਕਰ ਸਕਦੇ ਤਾਂ ਸੁਣ ਕੇ ਹੀ ਮਨ ਦੀ ਖੁਸ਼ੀ ਹਾਸਲ ਕਰਦੇ ਹਨ। ਗੁਰਬਾਣੀ ਪੜ੍ਹਨ ਸੁਣਨ ਦਾ ਆਪਣਾ ਮਹਾਤਮ ਹੈ। ਬਾਣੀ ਲਿਖਣ ਦਾ ਵੀ ਆਪਣਾ ਹੀ ਮਹਾਤਮ ਹੈ। ਸ਼ਰਧਾ ਨਾਲ ਬਾਣੀ ਲਿਖਣ ਵਿਚ, ਬਾਣੀ ਪੜ੍ਹਨ ਤੇ ਸੁਣਨ ਦੋਹਾਂ ਦਾ ਫਲ ਆ ਜਾਂਦਾ ਹੈ। ਪੜ੍ਹਨ ਸੁਣਨ ਤੇ ਘਟ ਸਮਾਂ ਲਗਦਾ ਹੈ, ਪਰ ਲਿਖਣ ਤੇ ਜ਼ਿਆਦਾ। ਪੜ੍ਹਨ ਸੁਣਨ ਨਾਲੋਂ ਲਿਖਣ ਵਿਚ ਵਧੇਰੇ ਧਿਆਨ ਤੇ ਜ਼ਿਆਦਾ ਸਾਧਨਾ ਦੀ ਲੋੜ ਹੁੰਦੀ ਹੈ। ਸ: ਗੁਰਚਰਨ ਸਿੰਘ ਨੇ ਨਿਰੰਤਰ ਦਸ ਸਾਲ ਹਰ ਰੋਜ਼, ਥੋੜਾ ਥੋੜਾ ਸਮਾਂ ਕਢ ਕੇ, ਇਹ ਸਾਧਨਾ ਕਰ ਦਿਖਾਈ ਹੈ।

ਅਠਾਰ੍ਹਵੀਂ ਉਨ੍ਹੀਵੀਂ ਸਦੀ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੇ ਕਈ ਉਤਾਰੇ ਹੋਏ ਤੇ ਇੰਜ ਹੀ ਅਨੇਕਾਂ ਹੱਥ-ਲਿਖਤ ਬੀੜਾਂ ਤਿਆਰ ਹੋਈਆਂ। ਫਿਰ ਪ੍ਰੈਸ ਦੇ ਆ ਜਾਣ

www.AKJ.Org

ਕਰਕੇ ਹੱਥ ਨਾਲ ਗੁਰਬਾਣੀ ਲਿਖਣ ਦਾ ਕੰਮ ਬਿਲਕੁਲ ਘਟ ਗਿਆ। ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਤਾਂ ਪ੍ਰੈਸ ਦੁਆਰਾ ਬਹੁਤ ਹੀ ਸੁੰਦਰ ਬੀੜਾਂ ਛਪਣ ਲਗ ਪਈਆਂ। ਇਸ ਸਮੇਂ ਵਿਚ ਸ਼ਾਇਦ ਹੀ ਕਿਸੇ ਨੇ ਆਪਣੇ ਦੇਸ਼ ਵਿਚ ਕੋਈ ਹਥੀਂ ਬੀੜ ਲਿਖੀ ਹੋਵੇ। ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਗਾਲਬਨ ਇਹ ਪਹਿਲਾ ਮੌਕਾ ਹੈ ਕਿ ਕਿਸੇ ਨੇ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖਿਆ ਹੋਵੇ। ਲਗਦਾ ਹੈ ਕਿ ਵਲੈਤ ਵਿਚ ਤਾਂ ਇਹ ਪਹਿਲਾ ਅਉਸਰ ਹੀ ਬਣਿਆ ਹੈ ਕਿ ਇਕ ਗੁਰਸਿਖ ਨੇ ਹੱਥੀਂ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਲਿਖ ਕੇ ਨਾਮਣਾ ਖਟਿਆ ਹੈ। ਸ਼ਬਦ-ਗੁਰੂ ਨਾਲ ਅਥਾਹ ਇਸ਼ਕ ਦਾ ਮੁਜ਼ਾਹਰਾ ਕਰਕੇ ਵਲੈਤ ਵਿਚ "ਧੁਰ ਕੀ ਬਾਣੀ" ਦਾ ਚਰਚਾ ਛੇੜਿਆ ਹੈ।

ਵਲੈਤ ਦੀ ਮਸਰੂਫ ਜ਼ਿੰਦਗੀ ਵਿਚੋਂ ਵਿਹਲ ਕਢਣਾ ਕਿਤਨਾ ਔਖਾ ਕੰਮ ਹੈ। ਲਗਾਤਾਰ ਦਸ ਸਾਲ ਹਰ ਰੋਜ਼ ਵਿਹਲ ਕਢਣਾ ਕਿਤਨੀ ਵਡੀ ਸਾਧਨਾ ਹੈ। ਇਹ ਤਾਂ ਭਗਤੀ ਹੈ। ਜਿਤਨਾ ਸਮਾਂ ਗੁਰਚਰਨ ਸਿੰਘ ਹਥੀਂ ਕਲਮਾਂ ਘੜ ਘੜ ਕੇ ਧੁਰ ਕੀ ਬਾਣੀ ਨੂੰ ਪੜ੍ਹਦਾ ਤੇ ਫਿਰ ਸੰਵਾਰ ਸੰਵਾਰ ਕੇ ਲਿਖਦਾ ਰਿਹਾ, ਉਤਨਾ ਸਮਾਂ ਹੀ ਉਹ ਗੁਰੂ-ਚਰਨਾਂ ਨਾਲ ਜੁੜਿਆ ਰਿਹਾ। ਇਸ ਸਾਧਨਾ ਦੁਆਰਾ ਉਸ ਨੇ ਗੁਰੂ-ਭਗਤੀ ਕੀਤੀ, ਪ੍ਰਭੂ-ਭਗਤੀ ਕੀਤੀ। ਸਤਿਗੁਰੂ ਉਸ ਦੀ ਸੇਵਾ ਲੇਖੇ ਲਾਉਣ।

ਕਾਸ਼! ਵਲੈਤ ਨੇੜੇ ਹੁੰਦਾ ਤਾਂ ਮੈਂ ਉਥੇ ਜਾ ਕੇ ਇਸ ਸੁੰਦਰ ਬੀੜ ਦੇ ਦਰਸ਼ਨ ਕਰਕੇ ਮੱਥਾ ਟੇਕਦਾ ਅਤੇ ਸਿਖੀ ਸਿਦਕ ਵਾਲੇ ਉਸ ਨੌਜਵਾਨ ਦੇ ਹੱਥ ਚੁੰਮ ਲੈਂਦਾ, ਜਿਸ ਨੇ ਗੁਰਬਾਣੀ ਦੇ ਅੰਮ੍ਰਿਤ ਕੁੰਡ ਵਿਚ ਦਸ ਸਾਲ ਨਿਰੰਤਰ ਚੁਭੀਆਂ ਲਾਈਆਂ ਹਨ।

---

## ਧੀਰਪੁਰ (ਅੰਮ੍ਰਿਤਸਰ) ਵਿਖੇ ਰੈਣ ਸਬਾਈ ਤੇ ਅੰਮ੍ਰਿਤ-ਸਿੰਚਾਰ

ਮਾ: ਗੁਰਬਚਨ ਸਿੰਘ ਜੀ ਦਿਆਲਪੁਰ ਇਤਲਾਹ ਦੇਂਦੇ ਹਨ ਕਿ ਪਿੰਡ ਧੀਰਪੁਰ ਮਾ: ਬਲਦੇਵ ਸਿੰਘ ਜੀ ਦੇ ਗ੍ਰਿਹ ਵਿਖੇ ੩ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਹੋ ਰਹੇ ਹਨ। ਲਾਹੇ ਪ੍ਰਾਪਤ ਕਰੋ ਜੀ। ਹਮੀਰੇ ਤੋਂ ਭੁਲੱਥਾਂ ਨੂੰ ਜਾਣ ਵਾਲੀ ਸੜਕ ਤੇ ਇਕ ਕਿਲੋਮੀਟਰ ਹੈ। ਹਮੀਰੇ ਤੋਂ ਰਾਤ ੮ ਵਜੇ ਟ੍ਰਾਲੀ ਜਾਏਗੀ।

## ਦਿਆਲਪੁਰਾ (ਲੁਧਿਆਣਾ) ਵਿਖੇ ਮਾਸਕ ਰੈਣ ਸਬਾਈ ਕੀਰਤਨ

ਪਿੰਡ ਦਿਆਲਪੁਰਾ (ਤਸੀਲ ਸਮਰਾਲਾ ਜ਼ਿਲਾ ਲੁਧਿਆਣਾ) ਭਾਈ ਉਜਾਗਰ ਸਿੰਘ ਦੇ ਗ੍ਰਿਹ ਵਿਖੇ ੧੦ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ। ਦਿਆਲਪੁਰਾ ਚੰਡੀਗੜ੍ਹ ਰੋਡ ਤੇ ਸਮਰਾਲਾ ਮੰਡ ਤੋਂ ਡੇਢ ਮੀਲ ਹੈ।

ਪੁਛ ਗਿਛ—ਮਾ: ਉਜਾਗਰ ਸਿੰਘ ਖਾਲਸਾ, ਫਰਵਾਲੀ ਜ਼ਿਲਾ ਸੰਗਰੂਰ

## ਹੋਲਾਂ ਵਾਲੀ (ਫ਼ਿਰੋਜ਼ਪੁਰ) ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜੱਥਾ ਫ਼ਿਰੋਜ਼ਪੁਰ ਵਲੋਂ ਪਿੰਡ ਹੋਲਾਂਵਾਲਾ ਡਾਕਖਾਨਾ ਕਸੋਵਾਣਾ ਤਸੀਲ ਜ਼ੀਰਾ ਜ਼ਿਲਾ ਫਿਰੋਜ਼ਪੁਰ ਵਿਖੇ ੩ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸ਼ਾਮ ਨੂੰ ਕਾਂਸੀ ਨਗਰੀ ਫਿਰੋਜ਼ਪੁਰ ਸ਼ਹਿਰ ਤੋਂ ਪਿੰਡ ਲਈ ਟ੍ਰਾਲੀ ਚਲੇਗੀ।

## ਕੋਹਾਲਾ (ਫ਼ਿਰੋਜ਼ਪੁਰ) ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਾ ਫਿਰੋਜ਼ਪੁਰ ਵਲੋਂ ਕੋਹਾਲਾ ਤਸੀਲ ਜ਼ੀਰਾ ਵਿਖੇ ੧੭ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਗੁਰੂ ਚਰਨਾਂ ਦੇ ਭੌਰੇ ਪੁਜ ਕੇ ਅਨੰਦ ਮਾਣੋ ਜੀ। ਫ਼ਿਰੋਜ਼ਪੁਰ ਤੋਂ ਜ਼ੀਰਾ ਜਾਂਦਿਆਂ ਬਰਾਸਤਾ ਕਚਾ ਜ਼ੀਰਾ ਭਰਾਣਾ ਬਸ ਸਟੈਂਡ ਤੇ ਉਤਰਨਾ ਹੈ। ਕਾਂਸੀ ਨਗਰੀ ਫਿਰੋਜ਼ਪੁਰ ਸ਼ਹਿਰ ਤੋਂ ਸ਼ਾਮ ਨੂੰ ਟਰਾਲੀ ਚਲੇਗੀ ਜੋ ਫੀਰੋਜ਼ਪੁਰ ਛਾਉਣੀ ਹਸਪਤਾਲ ਰਾਹੀਂ ਕੋਹਾਲਾ ਪੁਜੇਗੀ।

## ਪਿੰਡ ਗੁੜੇ (ਜਗਰਾਉਂ) ਵਿਖੇ ਮਾਸਕ ਅਖੰਡ ਕੀਰਤਨ

ਡਾ: ਜਤਿੰਦਰ ਸਿੰਘ ਪੱਬੀਆਂ ਬੇਨਤੀ ਕਰਦੇ ਹਨ ਕਿ ੨ ਮਾਰਚ ਸ਼ੁਕਰਵਾਰ ਨੂੰ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਰਾਤ ਨੂੰ ੬ ਤੋਂ ੧੨ ਤਕ ਅਖੰਡ ਕੀਰਤਨ ਹੋਣਗੇ। ਸੰਗਤਾਂ ਲਾਹੇ ਉਠਾਉਣ।

*ਪਿੰਡ ਲੁੜਿਆਣੀ (ਦਸੂਹਾ) ਵਿਖੇ ੭ ਅਪ੍ਰੈਲ ਨੂੰ ਰੈਣ ਸਬਾਈ ਕੀਰਤਨ*

---

**ਪਾਠਕ ਜਨੋ—** ਚੰਦਾ ਖ਼ਤਮ ਦੀ ਮੁਹਰ ਪਰਚੇ ਦੇ ਪਿਛੇ ਲਾਈ ਜਾਂਦੀ ਹੈ। ਮੁਹਰ ਦੇਖਦੇ ਹੀ ਚੰਦਾ ਮਨੀਆਰਡਰ ਕਰ ਭੇਜੋ ਜੀ।

www.AKJ.Org

# ਗੁਰਦੁਆਰਾ ਚੋਣਾਂ ਅਤੇ ਅਖੰਡ ਕੀਰਤਨੀ ਜਥਾ

ਸਰਬੱਤ ਸਿਖ ਸੰਗਤਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਅਖੰਡ ਕੀਰਤਨੀ ਜਥੇ ਦਾ ਪਰਮੁਖ ਨਿਸ਼ਾਨਾ ਨਾਮ ਜਪ ਕੇ ਤੇ ਗੁਰਬਾਣੀ ਪੜ੍ਹ ਸੁਣ ਕੇ ਜਨਮ ਸਫਲ ਕਰਨਾ ਹੈ ਅਤੇ ਗੁਰਬਾਣੀ ਦੇ ਕੀਰਤਨ ਤੇ ਅੰਮ੍ਰਿਤ-ਸਿੰਚਾਰ ਰਾਹੀਂ ਪੰਥ ਦੀ ਸੇਵਾ ਕਰਨਾ ਹੈ ।

ਗੁਰਦੁਆਰਾ ਚੋਣਾਂ ਦੇ ਸਬੰਧ ਵਿਚ ਅਖੰਡ ਕੀਰਤਨੀ ਜਥੇ ਵਲੋਂ, ਆਪਣੇ ਜਥੇ ਦੇ ਮੈਂਬਰ ਖੜੇ ਕਰਨ ਦੀ ਕੋਈ ਪਾਲਸੀ ਨਹੀਂ । ਇਸ ਪਾਲਸੀ ਅਧੀਨ ਅਖੰਡ ਕੀਰਤਨੀ ਜਥੇ ਨੇ ਕੋਈ ਮੈਂਬਰ ਖੜਾ ਨਹੀਂ ਕੀਤਾ । ਨਾ ਹੀ ਅਖੰਡ ਕੀਰਤਨੀ ਜਥੇ ਦਾ ਕਿਸੇ ਪਾਰਟੀ ਨਾਲ ਕੋਈ ਚੋਣ-ਸਮਝੌਤਾ ਹੈ ।

ਅਖੰਡ ਕੀਰਤਨੀ ਜਥੇ ਵਲੋਂ ਸਦਾ ਹੀ ਪੰਥ ਦੀਆਂ ਨੁਮਾਇੰਦਾ ਵਿਅਕਤੀਆਂ ਨੂੰ ਚਿਤਾਵਨੀ ਦਿਤੀ ਜਾਂਦੀ ਰਹੀ ਹੈ ਕਿ ਚੋਣਾਂ ਵਿਚ ਟਿਕਟਾਂ ਤਿਆਰ-ਬਰ-ਤਿਆਰ, ਅੰਮ੍ਰਿਤਧਾਰੀ, ਜੀਵਨ ਵਾਲੇ ਗੁਰਸਿਖਾਂ ਨੂੰ ਦਿਤੀਆਂ ਜਾਣ, ਤਾਂ ਜੁ ਗੁਰਦੁਆਰਾ ਪਰਬੰਧ ਵਿਚ ਸੁਧਾਰ ਹੋਵੇ ਤੇ ਪੰਥ ਦੀ ਚੜ੍ਹਦੀ ਕਲਾ ਹੋਵੇ । ਇਸ ਲਈ ਸਮੂਹ ਪੰਥ ਆਪਣੇ ਫਰਜ਼ ਦੀ ਪਛਾਣ ਕਰੇ । ਦਾਸ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਅੰਮ੍ਰਿਤਸਰ

---

# ਸ਼ਹੀਦੀ ਫ਼ੰਡ—ਹਿਸਾਬ ਕਿਤਾਬ ਦਾ ਚਿੱਠਾ

ਹੁਣ ਤਕ ਜਿਨ੍ਹਾਂ ਵੀਰਾਂ ਭੈਣਾਂ ਨੇ "ਅਖੰਡ ਕੀਰਤਨੀ ਜੱਥਾ" ਦੇ ਨਾਂ ਤੇ ਕੋਈ ਮਾਇਆ ਸ਼ਹੀਦੀ ਫੰਡ ਲਈ ਭੇਜੀ ਹੋਵੇ, ਉਸ ਮਾਇਆ ਦੀ ਉਨ੍ਹਾਂ ਨੂੰ ਰਸੀਦ ਨਾ ਮਿਲੀ ਹਵੇ ਜਾਂ ਹਰ ਮਹੀਨੇ 'ਸੂਰਾ' ਪੱਤਰ ਵਿਚ ਛਪ ਰਹੇ ਹਿਸਾਬ ਕਿਤਾਬ ਦੇ ਚਿਠੇ ਵਿਚ ਦਰਜ ਨਾ ਹੋਈ ਹੋਵੇ ਤਾਂ ਉਹ ਵਾਪਸੀ ਡਾਕੇ ਇਤਲਾਹ ਦੇਵੇ ।

(੨) ਯੂ. ਕੇ. ਦੇ ਇਕ ਸਜਣ ਜੀ ਦੀ ਚਿਠੀ ਕਿਸੇ ਦੇ ਰਾਹੀਂ ਇਕ ਸੌ ਪੌਂਡ ਭੇਜਣ ਬਾਰੇ ਤੇ ਰਸੀਦ ਨਾ ਮਿਲਣ ਬਾਰੇ ਆਈ ਸੀ, ਪਰ ਉਹ ਚਿਠੀ ਅਗੇ ਪਿਛੇ ਹੋ ਜਾਣ ਕਰਕੇ ਨਹੀਂ ਲਭ ਸਕੀ । ਸਬਧਤ ਸਜਣ ਜੇ ਇਹ ਨੋਟ ਪੜ੍ਹਨ ਤਾਂ ਕਿਰਪਾ ਕਰਕੇ ਉਸ ਦਾ ਵੇਰਵਾ ਦੁਬਾਰਾ ਜ਼ਰੂਰ ਭੇਜਣ ।

'ਸੂਰਾ' ਫ਼ਰਵਰੀ ਵਿਚ ਛਪੇ ਹਿਸਾਬ ਤੋਂ ਅਗੇ ਹੇਠ ਲਿਖੇ ਅਨੁਸਾਰ ਹੈ—

**ਆਮਦਨ**

| | |
|---|---|
| ਭਾਈ ਅਜੀਤ ਸਿੰਘ, ਹਰਸਾ ਛੀਨਾ | 20-00 |
| ਸੰਗਤ ਵੈਸਟ ਜ਼ੋਨ ਕਾਲੋਨੀਜ਼, ਦਿਲੀ | 130-00 |
| ਸ: ਕੁਲਵੰਤ ਸਿੰਘ, ਖਾਸੀ ਕਲਾ, ਲੁਧਿਆਣਾ | 100-00 |
| ਸ: ਗੁਰਨਾਮ ਸਿੰਘ, ਬ੍ਰੈਡਫ਼ੋਰਡ ਯੂ. ਕੇ. | 278-00 |
| ਸ: ਪ੍ਰੀਤਮ ਸਿੰਘ ਬੋਪਰਾਏ Pudsey, U K. | 50-00 |
| ਦਿਲੀ ਪਰਵਾਰਾਂ ਲਈ ਭੇਜਿਆ ਡਰਾਫ਼ਟ ਵਾਪਸ | 10000-00 |
| ਅਖੰਡ ਕੀਰਤਨੀ ਜਥਾ ਲੀਸੈਸਟਰ ਯੂ. ਕੇ. | 2300-00 |
| ਸ: ਜਗਦੇਵ ਸਿੰਘ ਗਰੇਵਾਲ, ਲੰਡਨ | 130 80 |
| ਸ: ਗੁਰਚੈਨ ਸਿੰਘ ਪੂਨੀ, ਬ੍ਰੈਡਫ਼ੋਰਡ | 161-30 |
| ਬੀਬੀ ਚਰਨ ਕੌਰ ਟੀਚਰ, ਪਟਿਆਲਾ | 100-00 |
| ਅਖੰਡ ਕੀਰਤਨੀ ਜਥਾ, ਅਹਿਮਦਾਬਾਦ | 125-00 |
| ਭਾਈ ਸੁਰਿੰਦਰ ਸਿੰਘ ਜੀ (ਗੁਪਤ) | 100-00 |
| ਸ: ਬੰਤਾ ਸਿੰਘ ਜੀ, 34-Montogue Rd, Leicester, UK | 1613-00 |
| ਸ: ਰਵਿੰਦਰ ਸਿੰਘ ਮੈਨੇਜਰ ਲਾਈਫ਼ ਇਨਸ਼ੋਰੈਂਸ ਕੰਪਨੀ ਲੰਡਨ | 806-88 |
| ਸ: ਬਲਜੀਤ ਸਿੰਘ ਜੀ 7, Hostings Rd, Pound Hill, Crawley, Sussex, U.K. | 1210-00 |
| ਬੀਬੀ ਕਰਤਾਰ ਕੌਰ, ਦਿਲੀ-6 | 50-00 |
| ਸੰਗਤ ਖਾਲਸਾ ਦੀਵਾਨ ਸੁਸਾਇਟੀ ਕੈਨੇਡਾ 1210-Topaz Ave. Victoria, | 13071-00 |
| ਪੰਜਾਬ ਐਂਡ ਸਿੰਘ ਬੈਂਕ ਤੋਂ ਵਾਧੂ ਸੂਦ | 251-50 |
| ਸੰਗਤ ਗੁ: ਮਖਣਸਾਹ ਲੁਬਾਣਾ, ਬਠਿੰਡਾ | 200-00 |
| ਸਾਰਜੈਂਟ ਗੁਰਮੇਲ ਸਿੰਘ ਮਾਨ 507 SUAF | 100-00 |
| ਸ: ਸੰਤੋਖ ਸਿੰਘ ਕਾਨਪੁਰ | 25-00 |
| ਪ੍ਰੋ: ਗਿਆਨ ਸਿੰਘ ਬਜਰਾ, ਜਲੰਧਰ | 20-00 |
| ਸਾਰਜੈਂਟ ਕੁਲਦੀਪ ਸਿੰਘ ਮਤਵਾਲਾ, ਬੈਂਗਲੋਰ | 31-00 |
| ਅਖੰਡ ਕੀਰਤਨੀ ਜਥਾ, ਭੁਪਾਲ | 125-00 |
| ਭਾਈ ਜੋਗਾ ਸਿੰਘ ਅੰਮ੍ਰਿਤਸਰ | 51-00 |
| J.W.O. ਰਘਬੀਰ ਸਿੰਘ A.F. 99A.P.O. | 51-00 |
| ਜੋੜ ਆਮਦਨ | 31100-80 |

| | |
|---|---|
| ਖਰਚ :—ਅਜੀਤ ਤੇ ਅਕਾਲੀ ਅਖਬਾਰ | 22-35 |
| ਵਕੀਲ ਨੂੰ | 1100-00 |
| ਡਾਕ ਖਰਚ 23 ਫ਼ਰਵਰੀ ਤਕ | 14-90 |
| ਜੋੜ ਖਰਚ | 1137-25 |

ਮਿਤੀ 25-2-79 ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।

www.AKJ.Org

# ਸਾਲਾਨਾ ਹੋਲਾ ਮਹੱਲਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ

## ਐਤਵਾਰ ਸਵੇਰੇ ੧੧ ਤੋਂ ੧੪ ਮਾਰਚ ਬੁਧਵਾਰ ਸਵੇਰ ਤਕ

ਭਾਰਤ ਭਰ ਦੇ ਅਖੰਡ ਕੀਰਤਨੀ ਜਥਿਆਂ ਵਲੋਂ ਹਰ ਸਾਲ ਵਾਂਗ ਹੋਲਾ ਮਹੱਲਾ ਕਲਗੀਧਰ ਸੱਚੇ ਪਾਤਸ਼ਾਹ ਦੀ ਨਗਰੀ ਅਨੰਦਪੁਰ ਸਾਹਿਬ ਵਿਖੇ ਮਨਾਇਆ ਜਾ ਰਿਹਾ ਹੈ। ਕੀਰਤਨ ਪ੍ਰੋਗਰਾਮ, ਰਿਹਾਇਸ਼, ਲੰਗਰ, ਆਦਿ ਦੇ ਪ੍ਰਬੰਧ ਗੁਰਦਵਾਰਾ ਕਲਗੀਧਰ ਕੀਰਤਨ ਦਰਬਾਰ (ਗੁਰਦਵਾਰਾ ਲੋਹਗੜ੍ਹ ਰੋਡ) ਵਿਖੇ ਹੋਣਗੇ।

### ਪ੍ਰੋਗਰਾਮ

੧੧-੩-੭੯ ਸਵੇਰੇ ੫ ਵਜੇ ਤੋਂ ਅਰੰਭ ਸ੍ਰੀ ਅਖੰਡ ਪਾਠ — ਸ਼ਾਮ ੬ ਤੋਂ ੯ ਸੋਦਰ ਦੀ ਚੌਕੀ

੧੨-੩-੭੯ ਸਵੇਰੇ ੫ ਤੋਂ ੧੨ ਵਜੇ ਆਸਾ ਦੀ ਵਾਰ ਤੇ ਅਖੰਡ ਕੀਰਤਨ — ਦੁਪਹਿਰ ੨ ਵਜੇ ਨਗਰ ਕੀਰਤਨ

੧੨-੩-੭੯ ਤਖ਼ਤ ਕੇਸਗੜ੍ਹ ਸਾਹਿਬ ਸ਼ਾਮ ੭ ਤੋਂ ੯ ਸੋਦਰ ਦੀ ਚੌਕੀ

੧੩-੩-੭੯ ਸਵੇਰੇ ੫ ਤੋਂ ੧੨ ਭੋਗ ਸ੍ਰੀ ਅਖੰਡ ਪਾਠ ਤੇ ਅਖੰਡ ਕੀਰਤਨ ਦੁਪਹਿਰ ਪਿਛੋਂ ੩ ਵਜੇ ਅੰਮ੍ਰਿਤ ਸਿੰਚਾਰ

੧੩-੩-੭੯ ਅਰੰਭ ਰੈਣ ਸਬਾਈ, ੧੪-੩-੭੯ ਸਵੇਰੇ ਭੋਗ ਰੈਣ ਸਬਾਈ

ਪੁਛ-ਗਿਛ—੧. ਭਾਈ ਹਰਚਰਨ ਸਿੰਘ ਜੀ, ੨੨੬-੨੧ ਏ, ਚੰਡੀਗੜ੍ਹ।
੨. ਭਾਈ ਮੇਹਰ ਸਿੰਘ ਜੀ, ੨/੮ ਬੀ ਬਲਾਕ, ਪੇਸ਼ਵਾ ਰੋਡ, ਨਵੀਂ ਦਿਲੀ।
੩. ਦਾਸਰੇ, ਗੁਰੂ ਨਾਨਕ ਕੋਲਡ ਸਟੋਰੇਜ਼, ਚੁਗਾਵਾਂ, ਡਾਕਘਰ ਸਮੀਪੁਰ (ਜਲੰਧਰ)।

---

# ਚਲਦਾ ਵਹੀਰ ਅੰਮ੍ਰਿਤਸਰ ਵਲੋਂ ਗੁਰਮਤਿ ਪ੍ਰਚਾਰ ਤੇ ਅੰਮ੍ਰਿਤ ਸਿੰਚਾਰ

ਵੈਸਾਖੀ ਦੇ ਸ਼ਹੀਦਾਂ ਦੇ ਸੰਗੀ ਸਾਥੀਆਂ ਵਲੋਂ ਚਲਾਏ ਹੋਏ ਪ੍ਰੋਗਰਾਮ ਅਨੁਸਾਰ ਅਖੰਡ ਕੀਰਤਨ ਅਤੇ ਅੰਮ੍ਰਿਤ ਸਿੰਚਾਰ ਹੇਠ ਲਿਖੇ ਅਨੁਸਾਰ ਹੋ ਰਹੇ ਹਨ—

***ਜ਼ਿਲਾ ਅੰਮ੍ਰਿਤਸਰ ਮਾਰਚ***—੧ ਘਰਿੰਡਾ (ਅਟਾਰੀ ਰੋਡ), ੨ ਘਰਿੰਡਾ ਸਵੇਰੇ (ਸ੍ਰੀ ਅਖੰਡ ਪਾਠ ਅਰੰਭ), ਸ਼ਾਮ ਨੂਰਪੁਰ (ਘਰਿੰਡੇ ਲਾਗੇ), ੩ ਕੋਲੋਵਾਲ (ਘਰਿੰਡੇ ਲਾਗੇ),੪ ਘਰਿੰਡਾ (ਭੋਗ ਸ੍ਰੀ ਅਖੰਡ ਪਾਠ ਤੇ ਕੀਰਤਨ, ਸ਼ਾਮ ਪਧਰੀ (ਘਰਿੰਡੇ ਲਾਗੇ), ੫ ਰਾਜਾ ਸਾਂਸੀ (ਗੁ: ਸਿੰਘ ਸਭਾ), ੬ ਅਦਲੀ ਵਾਲਾ (ਰਾਜਾ ਸਾਂਸੀ ਨੇੜੇ), ੭ ਅਜਨਾਲਾ, ੮ ਓਠੀਆਂ (ਅਜਨਾਲਾ ਚੁਗਾਵਾਂ ਰੋਡ), ੯ ਭੀਲੋਵਾਲ (ਚੁਗਾਵਾਂ ਨੇੜੇ), ੧੦ ਚੇਕ ਡੋਗਰਾ (ਰਾਇ ਸਿਖ), ੧੧ ਤੋਂ ੧੪ ਹੋਲਾ ਮਹੱਲਾ ਅਨੰਦਪੁਰ ਸਾਹਿਬ, ੧੫ ਬੋਹਲੀਆਂ ਅਜਨਾਲੇ ਲਾਗੇ), ੧੬ ਗੁ: ਬਾਬੇ ਦੀ ਕੁਲੀ ਹਰਸਾ ਛੀਨਾ, **੧੭ ਮਾਰਚ ਸ਼ਨੀਵਾਰ ਅੰਮ੍ਰਿਤਸਰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ ਸ਼ਹੀਦ ਸਿੰਘਾਂ ਦੀ ਯਾਦ ਵਿਚ ਗੁਰਦੁਆਰਾ ਸੀ ਰਾਮਸਰ ਦੇ ਸਾਹਮਣੇ,** ੧੯ ਵਲਟੋਹਾ, ੨੦ ਭੱਗੂਪੁਰਾ, ੨੧ ਪੱਟੀ, ੨੨ ਮਜੀਠਾ (ਗੁ: ਮਾਈਆਂ ਬੜਾ ਬਜ਼ਾਰ), ੨੩ ਦਾਦੂਪੁਰਾ (ਮਜੀਠੇ ਲਾਗੇ)।

***ਜ਼ਿਲਾ ਗੁਰਦਾਸਪੁਰ ਮਾਰਚ***—੨੪ ਬਹਲੋਲਪੁਰ ਡਾ: ਬਸੰਤ ਸਿੰਘ ਜੀ ਦੀ ਯਾਦ ਵਿਚ ਰੈਣ ਸਬਾਈ ਕੀਰਤਨ, ੨੬ ਦੁਰਾਂਗਲਾ, ੨੭ ਸ਼ਾਮ ਤੇ ੨੮ ਦੁਪਹਿਰ ਤਕ ਗਾਲ੍ਹੜੀ (ਗੁਰਦਵਾਰਾ ਟਾਹਲੀ ਸਾਹਿਬ), ੨੮ ਜੀਉਣ ਚੱਕ, ੨੯ ਗੰਜੀ, ੩੦ ਭੁਕਰਾ ਜੇਲ੍ਹ ਰੋਡ, ਗੁਰਦਾਸਪੁਰ, ੩੧ ਊਦੋ ਨੰਗਲ ਜ਼ਿਲਾ ਅੰਮ੍ਰਿਤਸਰ (ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ)।

ਨੋਟ—ਪਿੰਡਾਂ ਵਿਚ ਸ਼ਾਮ ੭ ਤੋਂ ੧੦, ਤੇ ਸਵੇਰੇ ੫ ਤੋਂ ੭ ਪ੍ਰੋਗਰਾਮ ਹੋਣਗੇ। ਜਥਾ ਸ਼ਾਮ ਨੂੰ ਪਿੰਡ ਪੁਜੇਗਾ ਅਤੇ ਗੁਰਦਵਾਰੇ ਸਾਹਿਬ ਵਿਖੇ ਪਈਆਂ ਬਿਰਧ ਬੀੜਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਲਈ ਯੋਗ ਪ੍ਰਬੰਧ ਕਰੇਗਾ।

ਪੁਛ ਗਿਛ—(੧) ਮਾਸਟਰ ਨਿਰੰਜਨ ਸਿੰਘ ਜੀ, ਮੇਹਰ ਚੰਦ ਰੋਡ, ਗੁਰਦਾਸਪੁਰ।
(੨) ਬੀਬੀ ਅਮਰਜੀਤ ਕੌਰ ਜੀ ਤੇ (੩) ਮਾ: ਜਸਵੰਤ ਸਿੰਘ ਜੀ, ੫੪੨-ਈਸਟ ਮੋਹਨ ਨਗਰ, ਅੰਮ੍ਰਿਤਸਰ।

ਸੰਗਤਾਂ ਦਾ ਦਾਸ—ਜਥੇਦਾਰ, ਅਖੰਡ ਕੀਰਤਨੀ ਜਥਾ (ਚਲਦਾ ਵਹੀਰ), ਸ੍ਰੀ ਅੰਮ੍ਰਿਤਸਰ।

www.AKJ.Org